# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 227 Wednesday, November 27, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com


# ਸੀਐਨ, ਟੀਮਸਟਰਜ਼ ਦਰਮਿਆਨ ਸਮਝੌਤਾ ਸਿਰੇ ਚੜ੍ਹਿਆ, ਹੜਤਾਲ ਖ਼ਤਮ



ਮਾਂਟਰੀਅਲ, 26 ਨਵੰਬਰ (ਪੋਸਟ ਬਿਊਰੋ) : ਅੱਠ ਦਿਨਾਂ ਤੱਕ ਜਾਰੀ ਰਹਿਣ ਤੋਂ ਬਾਅਦ ਕੈਨੇਡੀਅਨ ਨੈਸ਼ਨਲ ਰੇਲਵੇ ਕਾਰਪੋਰੇਸ਼ਨ ਦੇ ਕਰਮਚਾਰੀਆਂ ਦੀ ਹੜਤਾਲ ਆਖਿਰਕਾਰ ਖਤਮ ਹੋ ਗਈ ਹੈ।

ਕੈਨੇਡੀਅਨ ਨੈਸ਼ਨਲ ਰੇਲਵੇ ਕਾਰਪੋਰੇਸ਼ਨ ਤੇ ਟੀਮਸਟਰਜ਼ ਕੈਨੇਡਾ ਦਰਮਿਆਨ ਮੰਗਲਵਾਰ ਨੂੰ ਸਮਝੌਤਾ ਸਿਰੇ ਚੜ੍ਹ ਹੀ ਗਿਆ। ਇਸ ਹੜਤਾਲ ਕਾਰਨ ਕਈ ਤਰ੍ਹਾਂ ਦੀ ਖੇਪ ਰੁਕੀ ਪਈ ਸੀ, ਕਈ ਕਾਮਿਆਂ ਦੀ ਛੁੱਟੀ ਹੋ ਗਈ ਤੇ ਦੇਸ਼ ਭਰ ਦੀਆਂ ਇੰਡਸਟਰੀਜ਼ ਦਾ ਕੰਮਕਾਜ ਵੀ ਠੱਪ ਪਿਆ ਸੀ। ਯੂਨੀਅਨ ਨੇ ਦੱਸਿਆ ਕਿ ਬੁੱਧਵਾਰ ਨੂੰ ਸਵੇਰੇ 6:00 ਵਜੇ ਸਥਾਨਕ ਸਮੇਂ ਅਨੁਸਾਰ ਕੈਨੇਡਾ ਭਰ ਵਿੱਚ ਸੀਐਨ ਦਾ ਕੰਮਕਾਜ ਆਮ ਵਾਂਗ ਸ਼ੁਰੂ ਹੋ ਜਾਵੇਗਾ।

ਇੱਥੇ ਦੱਸਣਾ ਬਣਦਾ ਹੈ ਕਿ ਇਸ ਸਮਝੌਤੇ ਦੀ ਪੁਸ਼ਟੀ ਯੂਨੀਅਨ ਮੈਂਬਰਜ਼ ਵੱਲੋਂ ਕੀਤੀ ਜਾਣੀ ਬਹੁਤ ਜ਼ਰੂਰੀ ਹੈ ਤੇ ਸੈਟਲਮੈਂਟ ਅਗਰੀਮੈਂਟ ਦਾ ਵੇਰਵਾ ਹਾਲ ਦੀ ਘੜੀ ਉਪਲੱਬਧ ਨਹੀਂ ਸੀ। ਇਸ ਸਮਝੌਤੇ ਦੀ ਪੁਸ਼ਟੀ ਅੱਠ ਹਫਤਿਆਂ ਦੇ ਅੰਦਰ ਅੰਦਰ ਹੋਣ ਦੀ ਸੰਭਾਵਨਾ ਹੈ। ਸੀਐਨ ਦੇ ਚੀਫ ਐਗਜ਼ੈਕਟਿਵ ਜੇਜੇ ਰੁਐਸਟ ਨੇ ਰੇਲਵੇਅ ਦੇ ਗਾਹਕਾਂ ਨੂੰ ਹਲੀਮੀ ਤੋਂ ਕੰਮ ਲੈਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਪਣੇ ਕਰਮਚਾਰੀਆਂ ਦਾ ਵੀ ਧੰਨਵਾਦ ਕਰਦਿਆਂ ਆਖਿਆ ਕਿ ਉਨ੍ਹਾਂ ਨੇ ਘਟੀ ਹੋਈ ਸਮਰੱਥਾ, ਸਿਰਫ ਦਸ ਫੀ ਸਦੀ ਨਾਲ, ਉੱਤੇ ਸੁਰੱਖਿਅਤ ਢੰਗ ਨਾਲ ਰੇਲਰੋਡ ਨੂੰ ਚੱਲਦਾ ਰੱਖਿਆ।

ਯੂਨੀਅਨ ਨੇ ਵਰਕਰਜ਼ ਦੇ ਹੜਤਾਲ ਕਰਨ ਦੇ ਹੱਕ ਦਾ ਸਨਮਾਨ ਕਰਨ ਲਈ ਪ੍ਰਧਾਨ ਮੰਤਰੀ ਦਾ ਸ਼ੁਕਰੀਆ ਅਦਾ ਕੀਤਾ ਤੇ ਫੈਡਰਲ ਵਿਚੋਲਿਆਂ ਮੰਤਰੀ ਤਾਸੀ ਤੇ ਗਾਰਨਿਊ ਨੂੰ ਡੀਲ ਸਿਰੇ ਚੜ੍ਹਾਉਣ ਵਿੱਚ ਮਦਦ ਕਰਨ ਲਈ ਉਨ੍ਹਾਂ ਦਾ ਵੀ ਧੰਨਵਾਦ ਕੀਤਾ। ਟੀਮਸਟਰਜ਼ ਕੈਨੇਡਾ ਦੇ ਪ੍ਰੈਜ਼ੀਡੈਂਟ ਫਰੈਂਕੌਇਸ ਲੈਪੌਰਟੇ ਨੇ ਆਖਿਆ ਕਿ ਇਹ ਸਰਕਾਰ ਦੋਵਾਂ ਧਿਰਾਂ ਨੂੰ ਸਮਝੌਤੇ ਉੱਤੇ ਪਹੁੰਚਣ ਦੇਣ ਲਈ ਸ਼ਾਂਤ ਤੇ ਏਕਾਗਰਚਿੱਤ ਰਹੀ।

...ਬਾਕੀ ਪੰਨਾ 6 'ਤੇ

# ਸਾਂਝਾ ਆਧਾਰ ਤਲਾਸ਼ਣ ਲਈ ਕੇਨੀ ਤੇ ਫਰੀਲੈਂਡ ਨੇ ਕੀਤੀ ਮੁਲਾਕਾਤ



ਐਡਮੰਟਨ, 26 ਨਵੰਬਰ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨਾਲ ਮੁਲਾਕਾਤ ਕਰਕੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਅਜਿਹਾ ਕੀ ਕਾਰਨ ਸੀ ਕਿ ਫੈਡਰਲ ਚੋਣਾਂ ਵਿੱਚ ਲਿਬਰਲਾਂ ਨੂੰ ਇਸ ਰੀਜਨ ਵਿੱਚ ਕਿਸੇ ਨੇ ਮੂੰਹ ਤੱਕ ਨਹੀਂ ਲਾਇਆ।

ਇੱਥੇ ਦੱਸਣਾ ਬਣਦਾ ਹੈ ਕਿ ਫਰੀਲੈਂਡ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਵੇਂ ਮੰਤਰੀਮੰਡਲ ਵਿੱਚ ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਵੀ ਥਾਪਿਆ ਗਿਆ ਹੈ।

...ਬਾਕੀ ਪੰਨਾ 6 'ਤੇ

# ਫੌਜ ਵਿੱਚ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਫੈਡਰਲ ਸਰਕਾਰ ਦੇਵੇਗੀ 900 ਮਿਲੀਅਨ ਡਾਲਰ



ਫੈਡਰਲ ਕੋਰਟ ਨੇ ਫੌਜ ਵਿੱਚ ਸੇਵਾ ਨਿਭਾਉਂਦਿਆਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਪੁਰਸ਼ਾਂ ਤੇ ਮਹਿਲਾਵਾਂ ਨੂੰ 900 ਮਿਲੀਅਨ ਡਾਲਰ ਦਾ ਹਰਜਾਨਾਂ ਦੇਣ ਦੇ ਕੈਨੇਡੀਅਨ ਸਰਕਾਰ ਨੂੰ ਹੁਕਮ ਦਿੱਤੇ ਹਨ। ਫੈਡਰਲ ਸਰਕਾਰ ਨੇ ਜੁਲਾਈ ਵਿੱਚ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਨੂੰ 800 ਮਿਲੀਅਨ ਡਾਲਰ ਦਾ ਹਰਜਾਨਾਂ ਦੇਣ ਦੀ ਹਾਮੀ ਭਰੀ ਸੀ ...ਬਾਕੀ ਪੰਨਾ 6 'ਤੇ

## ਅੱਜ ਦੀ ਇਤਿਹਾਸਿਕ ਤਸਵੀਰ: ਗੁਰਦੁਆਰਾ ਬਾਲ ਲੀਲਾ ਨਨਕਾਣਾ ਸਾਹਿਬ

ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਇਤਿਹਾਸਕ ਪਵਿੱਤਰ ਅਸਥਾਨ' ਪੁਸਤਕ ਪਿਛਲੇ 2 ਦਿਨਾਂ ਤੋਂ ਲੜੀਵਾਰ ਸ਼ੁਰੂ ਕੀਤੀ ਗਈ ਹੈ। ਅੱਜ ਤੀਜੇ ਇਤਿਹਾਸਕ ਅਸਥਾਨ ਦੀ ਤਸਵੀਰ ਛਾਪੀ ਗਈ ਹੈ। ਅੱਜ ਦੀ ਇਹ ਤਸਵੀਰ ਗੁਰਦੁਆਰਾ ਬਾਲ ਲੀਲਾ ਨਨਕਾਣਾ ਸਾਹਿਬ ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।




Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Critical illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance • Life & Disability • Critical illness • RESP • Visitor & Travel insurance
(416-845-1352) Manwinder Mangat
Axael Insurance Brokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton, ON, L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration • Real Estate / Commercial Law • Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ • ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ • ਲੀਗਲ ਬੇਸਮੈਂਟ
COMMERCIAL: New store design & build • Lease hold Improvements • Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵੱਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵੱਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
FREE
We are Professional, Reliable & Experienced
AAA LANDSCAPING | 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.456.0648
info@atozpestcontroltoronto.com | www.atozpestcontroltoronto.com

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration • Family Law • Corporate • Power of Attorney/Affidavit /Attestations
Real Estate • Business Closing • Wills & Estate
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Cockroaches • Spiders & Fleas • Carpenter Ants • Bedbugs • Silver Fish • Wasps • Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Wills & Estates • Power of Attorney • Affidavits Notarization / Declaration
• Business Law • Family Law • Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Black Friday
Deals
VISIT US IN STORE FOR
EXCLUSIVE OFFERS
GET $50 IN-STORE CREDIT*
*WITH NEW ACTIVATION ON
A $40/MO DATA, TALK & TEXT PLAN
chatr™
AUTHORIZED DEALER
Offer Available Nov 28th, 29th, 30th | Dec 1st & 2nd at :
379 Main St. North Brampton | 905-451-0379
2456 Lake shore Blvd W. Etobicoke | 416-259-3654
*Valid at participating location(s) above. Only applicable with new activation on a $40/mo or higher Data, Talk & Text plan. In-store credit cannot be applied to top-ups, bill payments or redeemed for cash and has no cash value. Visit chatrmobile.com/plans for more details. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

# ਮਰੀਜ਼ਾਂ ਨੂੰ ਬਿਹਤਰ ਹੈਲਥ ਕੇਅਰ ਮੁਹੱਈਆ ਕਰਾਵੇਗੀ ਨਵੀਂ ਮਿਸੀਸਾਗਾ ਓਨਟਾਰੀਓ ਹੈਲਥ ਟੀਮ

ਮਿਸੀਸਾਗਾ, 26 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਹਾਲਵੇਅ ਹੈਲਥ ਕੇਅਰ ਨੂੰ ਖ਼ਤਮ ਕਰਨ ਸਬੰਧੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਨ ਵਿੱਚ ਲੱਗੀ ਹੋਈ ਹੈ ਤੇ ਇਸੇ ਲਈ ਮਰੀਜ਼ਾਂ ਦੀਆਂ ਲੋੜਾਂ ਨੂੰ ਵੇਖਦਿਆਂ ਹੋਇਆਂ ਬਿਹਤਰੀਨ ਹੈਲਥ ਕੇਅਰ ਸਿਸਟਮ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਪ੍ਰੋਵਿੰਸ ਵੱਲੋਂ ਓਨਟਾਰੀਓ ਹੈਲਥ ਟੀਮਜ਼ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਹ ਕੇਅਰ ਦਾ ਅਜਿਹਾ ਮਾਡਲ ਹੈ ਜਿਹੜਾ ਹੈਲਥ ਕੇਅਰ ਮੁਹੱਈਆ ਕਰਵਾਉਣ ਵਾਲਿਆਂ ਨੂੰ ਇੱਕ ਟੀਮ ਵਜੋਂ ਇੱਕਜੁੱਟ ਕਰੇਗਾ।

ਡਿਪਟੀ ਪ੍ਰੀਮੀਅਰ ਤੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਬੀਤੇ ਦਿਨੀਂ ਮਿਸੀਸਾਗਾ ਸਥਿਤ ਯੂਨੀਵਰਸਿਟੀ ਆਫ ਟੋਰਾਂਟੋ ਵਿੱਚ ਮਿਸੀਸਾਗਾ ਓਨਟਾਰੀਓ ਹੈਲਥ ਟੀਮ ਦਾ ਐਲਾਨ ਕੀਤਾ। ਇਹ ਪ੍ਰੋਵਿੰਸ ਵਿੱਚ ਹੈਲਥ ਕੇਅਰ ਦੇ ਨਵੇਂ ਮਾਡਲ ਨੂੰ ਲਾਗੂ ਕਰਨ ਲਈ ਤਿਆਰ ਕੀਤੀਆਂ ਗਈਆਂ 24 ਟੀਮਾਂ ਵਿੱਚੋਂ ਇੱਕ ਹੈ। ਸਰਕਾਰ ਨੂੰ ਆਸ ਹੈ ਕਿ ਇਸ ਉਪਰਾਲੇ ਨਾਲ ਮਰੀਜ਼ਾਂ ਦਾ ਇਲਾਜ ਸਹੀ ਢੰਗ ਨਾਲ ਕਰਨ ਲਈ ਮਰੀਜ਼ਾਂ ਤੇ ਹੈਲਥ ਕੇਅਰ ਪ੍ਰੋਵਾਈਡਰਜ਼ ਨੂੰ ਇੱਕਦੂਜੇ ਨਾਲ ਨੇੜਿਓਂ ਜੁੜਨ ਵਿੱਚ ਮਦਦ ਮਿਲੇਗੀ।

ਓਨਟਾਰੀਓ ਹੈਲਥ ਟੀਮ ਰਾਹੀਂ ਮਰੀਜ਼ ਇੱਕ ਹੈਲਥ ਕੇਅਰ ਪ੍ਰੋਵਾਈਡਰ ਕੋਲੋਂ ਦੂਜੇ ਕੋਲ ਆਸਾਨੀ ਨਾਲ ਜਾ ਸਕੇਗਾ। ਮਿਸਾਲ ਵਜੋਂ ਹਸਪਤਾਲ ਤੇ ਹੋਮ ਕੇਅਰ ਪ੍ਰੋਵਾਈਡਰਜ਼ ਦਰਮਿਆਨ, ਇੱਕ ਮਰੀਜ਼ ਆਪਣੀ ਸਾਰੀ ਹਿਸਟਰੀ, ਆਪਣੇ ਸਾਰੇ ਰਿਕਾਰਡ ਤੇ ਇੱਕ ਕੇਅਰ ਪਲੈਨ ਨਾਲ ਹੀ ਜਾ ਸਕੇਗਾ। ਐਲੀਅਟ



ਨੇ ਆਖਿਆ ਕਿ ਓਨਟਾਰੀਓ ਵਿੱਚ ਹੈਲਥ ਕੇਅਰ ਲਈ ਇਹ ਕਾਫੀ ਵਧੀਆ ਸਮਾਂ ਹੈ। ਅਸੀਂ ਅਜਿਹੇ ਅੜਿੱਕੇ ਹਟਾਉਣ ਵੱਲ ਵੱਧ ਰਹੇ ਹਾਂ ਜਿਸ ਨਾਲ ਹੈਲਥ ਕੇਅਰ ਪ੍ਰੋਵਾਈਡਰਜ਼ ਨੂੰ ਸਿੱਧੇ ਤੌਰ ਉੱਤੇ ਇੱਕਦੂਜੇ ਨਾਲ ਰਲ ਕੇ ਕੰਮ ਕਰਨ ਵਿੱਚ ਮੁਸ਼ਕਲ ਆ ਰਹੀ ਸੀ ਤੇ ਇਸ ਨਾਲ ਮਰੀਜ਼ਾਂ ਦਾ ਵੀ ਨੁਕਸਾਨ ਹੋ ਰਿਹਾ ਸੀ। ਉਨ੍ਹਾਂ ਅੱਗੇ ਆਖਿਆ ਕਿ ਅੱਜ ਆਪਣੀ ਹੈਲਥ ਕੇਅਰ ਭਾਈਵਾਲ ਮਿਸੀਸਾਗਾ ਓਨਟਾਰੀਓ ਹੈਲਥ ਟੀਮ ਨਾਲ ਰਲ ਕੇ ਅਸੀਂ ਹਾਲਵੇਅ ਹੈਲਥ ਕੇਅਰ ਖ਼ਤਮ ਕਰਨ ਵੱਲ ਵੱਧ ਰਹੇ ਹਾਂ।

ਇਹ ਟੀਮ ਕਮਿਊਨਿਟੀ ਦੇ ਲੋਕਾਂ ਦੀ ਸਰੀਰਕ, ਮਾਨਸਿਕ ਤੇ ਇਮੋਸ਼ਨਲ ਸਿਹਤ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਕਰੇਗੀ। ਮਿਸੀਸਾਗਾ ਹੈਲਥ ਪ੍ਰਾਇਮਰੀ ਕੇਅਰ, ਹੋਮ ਕੇਅਰ, ਕਮਿਊਨਿਟੀ ਕੇਅਰ ਤੇ ਹਾਸਪਿਟਲ ਕੇਅਰ ਵਰਗੀਆਂ ਸਹੂਲਤਾਂ ਮੁਹੱਈਆ ਕਰਾਵੇਗੀ। ਐਲੀਅਟ ਨੇ ਸਾਰੇ ਹੈਲਥ ਕੇਅਰ ਪ੍ਰੋਵਾਈਡਰਜ਼ ਤੇ ਮਿਸੀਸਾਗਾ ਓਨਟਾਰੀਓ ਹੈਲਥ ਟੀਮ ਕਾਇਮ ਕਰਨ ਵਿੱਚ ਮਦਦ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਆਖਿਆ ਕਿ ਇਹ ਸੱਭ ਹੋਣ ਦੇ ਬਾਵਜੂਦ ਅਜੇ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ। ਪਰ ਸਾਰਿਆਂ ਦੀ ਮਿਹਨਤ ਨਾਲ ਅਸੀਂ ਆਪਣੀਆਂ ਕਮਿਊਨਿਟੀਜ਼ ਦੀ ਹੈਲਥ ਕੇਅਰ ਵਿੱਚ ਸੁਧਾਰ ਕਰ ਲਵਾਂਗੇ।

ਜ਼ਿਕਰਯੋਗ ਹੈ ਕਿ ਮਿਸੀਸਾਗਾ ਹੈਲਥ ਮਰੀਜ਼ਾਂ ਤੇ ਪਰਿਵਾਰਾਂ ਲਈ 24/7 ਕੇਅਰ ਕੋਆਰਡੀਨੇਸ਼ਨ ਸਰਵਿਸਿਜ਼ ਮੁਹੱਈਆ ਕਰਾਵੇਗੀ।

ਮਿਸੀਸਾਗਾ ਹੈਲਥ ਦੇ ਚੇਅਰ ਤੇ ਟ੍ਰਿਲੀਅਮ ਹੈਲਥ ਪਾਰਟਨਰਜ਼ ਦੇ ਪ੍ਰੈਜ਼ੀਡੈਂਟ ਅਤੇ ਸੀਈਓ ਮਿਸ਼ੇਲ ਡੀਇਮੈਨੂਅਲ ਨੇ ਆਖਿਆ ਕਿ ਅਗਲੇ ਦਹਾਕੇ ਵਿੱਚ ਓਨਟਾਰੀਓ ਹੈਲਥ ਟੀਮਜ਼ ਸੱਭ ਤੋਂ ਅਹਿਮ ਹੈਲਥ ਕੇਅਰ ਪਹਿਲਕਦਮੀਆਂ ਵਿੱਚੋਂ ਇੱਕ ਹੋਣੀ ਚਾਹੀਦੀ ਹੈ। ਮਿਸੀਸਾਗਾ ਓਨਟਾਰੀਓ ਹੈਲਥ ਟੀਮ ਆਪਣੇ ਕੁੱਝ ਪ੍ਰਸਤਾਵਿਤ ਪ੍ਰੋਗਰਾਮ ਤੇ ਸੇਵਾਵਾਂ 2020 ਵਿੱਚ ਦੇਣੀਆਂ ਸ਼ੁਰੂ ਕਰੇਗੀ ਤੇ ਇਸ ਦੇ ਨਾਲ ਹੀ ਮਰੀਜ਼ਾਂ ਤੇ ਪਰਿਵਾਰਾਂ ਨਾਲ ਵੀ ਪੂਰਾ ਰਾਬਤਾ ਰੱਖੇਗੀ।

## ਅੱਜ ਨਾਮਾ

'ਮੋਦੀ ਹੈ ਤਾਂ ਮੁਮਕਿਨ' ਹੈ ਕਿਹਾ ਜਿਸ ਨੇ,
ਮਹਾਰਾਸ਼ਟਰ ਦੇ ਅੰਦਰ ਗਿਆ ਹਾਰ ਬੇਲੀ।
ਅੱਧੀ ਰਾਤੀਂ ਬਣਵਾਈ ਉਸ ਰਾਜ ਦੇ ਵਿੱਚ,
ਦਿਨ ਤਾਂ ਤਿੰਨ ਨਹੀਂ ਟਿਕੀ ਸਰਕਾਰ ਬੇਲੀ।
ਵੇਖੀ ਗੱਲ ਨਹੀਂ ਸਿਰੇ ਜਦ ਚੜ੍ਹਨ ਵਾਲੀ,
ਲਹਿ ਗਿਆ ਸੱਤਾ ਦਾ ਝੱਟ ਖੁਮਾਰ ਬੇਲੀ।
ਛੱਡਣੀ ਪਈ ਸਰਕਾਰ ਤਾਂ ਪਿਆ ਕਹਿਣਾ,
ਕੁਰਸੀ ਨਾਲ ਨਹੀਂ ਬਹੁਤਾ ਪਿਆਰ ਬੇਲੀ।
ਲੱਡੂ ਵੰਡੇ ਚਲਾਈਆਂ ਕਈ ਫੁੱਲਝੜੀਆਂ,
ਰਹਿ ਗਏ ਚਾਅ ਸਭ ਧਰੇ ਦੇ ਧਰੇ ਬੇਲੀ।
ਅਜੀਤ ਪਵਾਰ ਵੀ ਚਾਚੇ ਦੇ ਪਿਆ ਪੈਰੀਂ,
ਆ ਗਿਆ ਲੌਟ ਕੇ ਬੁੱਧੂ ਉਹ ਘਰੇ ਬੇਲੀ।

**ਤੀਸ ਮਾਰ ਖਾਂ**

## ਪਾਰਲੀਮੈਂਟ ਦਾ ਸਾਂਝਾ ਸੈਸ਼ਨ:

# ਸੰਵਿਧਾਨ ਸੋਧਾਂ ਪਾਸ ਕਰਨ ਲਈ ਰਾਸ਼ਟਰਪਤੀ ਵੱਲੋਂ ਪਾਰਲੀਮੈਂਟ ਮੈਂਬਰਾਂ ਨੂੰ ਵਧਾਈ

ਨਵੀਂ ਦਿੱਲੀ, 26 ਨਵੰਬਰ, (ਪੋਸਟ ਬਿਊਰੋ)- ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਅੱਜ ਪਾਰਲੀਮੈਂਟ ਦੇ ਦੋਵਾਂ ਸਦਨਾਂ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੈਂ ਭਾਰਤ ਦੇ ਸੰਵਿਧਾਨ ਨੂੰ ਅਪਨਾਉਣ ਦੀ 70ਵੀਂ ਵਰ੍ਹੇਗੰਢ ਮੌਕੇ ਤੁਹਾਨੂੰ ਸਾਰਿਆਂ ਨੂੰ ਅਤੇ ਭਾਰਤ ਅਤੇ ਵਿਦੇਸ਼ਾਂ ਵਿਚਲੇ ਸਾਡੇ ਸਾਰੇ ਨਾਗਰਿਕਾਂ ਨੂੰ ਵਧਾਈ ਦਿੰਦਾ ਹਾਂ।

ਇਸ ਤੋਂ ਪਹਿਲਾਂ ਸਾਂਝੇ ਸੈਸ਼ਨ ਵਿੱਚ ਬੋਲਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਸਾਡੇ ਦੇਸ਼ ਦੇ ਲਈ ਇਤਿਹਾਸਕ ਦਿਨ ਹੈ, ਅਸੀਂ 70 ਸਾਲ ਪਹਿਲਾਂ ਇਹ ਸੰਵਿਧਾਨ ਪ੍ਰਵਾਨ ਕੀਤਾ ਸੀ। ਭਾਸ਼ਣ ਦੌਰਾਨ ਪ੍ਰਧਾਨਮੰਤਰੀ ਨੇ 26 ਨਵੰਬਰ ਦੇ ਮੁੰਬਈ ਹਮਲੇ ਵਿਚ ਜਾਨ ਗਵਾਉਣ ਵਾਲਿਆਂ ਨੂੰ ਸ਼ਰਧਾਂਜਲੀ ਵੀ ਦਿੱਤੀ। ਉਨ੍ਹਾਂ ਕਿਹਾ ਮੈਂ ਉਨ੍ਹਾਂ ਸਾਰੇ ਲੋਕਾਂ ਨੂੰ ਸ਼ਰਧਾਂਜਲੀ ਦਿੰਦਾ ਹਾਂ, ਜਿਨ੍ਹਾਂ ਨੇ ਮੁੰਬਈ ਵਿਚ ਅੱਤਵਾਦੀ ਹਮਲੇ ਵਿਚ ਆਪਣੀ ਜਾਨ ਗਵਾਈ ਸੀ। ਉਨ੍ਹਾਂ ਕਿਹਾ ਕਿ 26 ਨਵੰਬਰ ਸਾਨੂੰ ਦਰਦ ਵੀ



ਪੁਚਾਉਂਦਾ ਹੈ। ਭਾਰਤ ਦੀਆਂ ਮਹਾਨ ਪ੍ਰੰਪਰਾਵਾ ਤੇ ਸੱਭਿਆਚਾਰਕ ਵਿਰਾਸਤ ਨੂੰ ਮੁੰਬਈ ਵਿਚ ਅੱਤਵਾਦੀਆਂ ਨੇ ਤਬਾਹ ਕਰਨ ਦੀ ਕੋਸ਼ਿਸ਼ ਵੀ 2008 ਵਿੱਚ ਏਸੇ ਦਿਨ ਕੀਤੀ ਸੀ।

ਕਾਂਗਰਸ, ਸ਼ਿਵ ਸੈਨਾ, ਖੱਬੇਪੱਖੀ ਧਿਰਾਂ ਅਤੇ ਡੀਐਮਕੇ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਸੰਵਿਧਾਨ ਦਿਵਸ ਸਮਾਗਮ ਦੇ ਬਾਈਕਾਟ ਦਾ ਫੈਸਲਾ ਕੀਤਾ। ਉਨ੍ਹਾਂ ਦਾ ਦੋਸ਼ ਸੀ ਕਿ ਭਾਜਪਾ ਨੇ ਮਹਾਰਾਸ਼ਟਰ ਵਿਚ ਲੋਕਤੰਤਰ ਦੀ ਹੱਤਿਆ ਕੀਤੀ ਹੈ। ਵਿਰੋਧੀ ਪਾਰਟੀਆਂ ਦੇ ਮੈਂਬਰ ਪਾਰਲੀਮੈਂਟ ਕੈਂਪਸ ਵਿਚ ਡਾਕਟਰ ਅੰਬੇਦਕਰ ਦੇ ਬੁੱਤ ਕੋਲ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਇਸ ਮੌਕੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਭਾਜਪਾ ਵੱਲੋਂ ਮਹਾਰਾਸ਼ਟਰ ਵਿਚ ਸਰਕਾਰ ਬਣਾਉਣ ਦੇ ਖ਼ਿਲਾਫ਼ ਵਿਰੋਧੀ ਪਾਰਟੀਆਂ ਦੇ ਇਸ ਪ੍ਰਦਰਸ਼ਨ ਦੌਰਾਨ ਭਾਰਤ ਦੇ ਸੰਵਿਧਾਨ ਦੀ ਭੂਮਿਕਾ ਪੜ੍ਹੀ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ ਮਰਦਾਂ ਲਈ ਔਰਤਾਂ ਲਈ
Pain-Care Ext. Use Only $9.99
He-Oil Joint Support $19.99
Stress-Care For Men Only $9.99
Chest Massage Oil Feel Relaxed $14.99
GNR Herbal Products
GLOBAL NATURAL REMEDIES

# ਹਾਕੀ ਮੈਚ ਵਿੱਚ ਭੇੜ ਦਾ ਸਿੱਟਾ: ਪੰਜਾਬ ਪੁਲਿਸ ਦੀ ਟੀਮ ਉੱਤੇ ਚਾਰ ਸਾਲਾਂ ਦੀ ਪਾਬੰਦੀ

* ਪੰਜਾਬ ਨੈਸ਼ਨਲ ਬੈਂਕ ਦੀ ਟੀਮ ਉੱਤੇ ਵੀ ਦੋ ਸਾਲਾ ਪਾਬੰਦੀ



ਚੰਡੀਗੜ੍ਹ, 26 ਨਵੰਬਰ, (ਪੋਸਟ ਬਿਊਰੋ)- ਪੰਜਾਬ ਪੁਲਿਸ ਦੀ ਹਾਕੀ ਟੀਮ ਉੱਤੇ ਚਾਰ ਸਾਲ ਲਈ ਪਾਬੰਦੀਲਾਈ ਗਈ ਹੈ ਅਤੇ ਇਸ ਦੇ ਨਾਲ ਪੰਜਾਬ ਨੈਸ਼ਨਲ ਬੈਂਕ (ਪੀ ਐੱਨ ਬੀ) ਟੀਮ ਉੱਤੇ ਦੋ ਸਾਲ ਦੀ ਪਾਬੰਦੀ ਲਾਈ ਗਈ ਹੈ। ਸੋਮਵਾਰ ਦਿੱਲੀ ਵਿਖੇ 56ਵੇਂ ਨਹਿਰੂ ਹਾਕੀ ਟੂਰਨਾਮੈਂਟ ਦੇ ਫਾਈਨਲ ਵਿੱਚ ਦੋਵੇਂ ਟੀਮਾਂ ਦੇ ਖਿਡਾਰੀ ਛਿੱਤਰੋ-ਛਿੱਤਰੀ ਹੋ ਗਏ ਸਨ ਤੇ ਉਸ ਵਕਤ ਗਰਾਊਂਡ ਜੰਗ ਦਾ ਮੈਦਾਨ ਬਣ ਜਾਣ ਨਾਲ ਖਿਡਾਰੀ ਲਹੂ-ਲੁਹਾਣ ਹੋ ਗਏ ਸਨ।

ਇਸ ਘਟਨਾ ਦੇ ਬਾਅਦ ਸਖਤ ਫੈਸਲਾ ਲੈਂਦਿਆਂ ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਪੰਜਾਬ ਪੁਲਿਸ ਉੱਤੇ ਚਾਰ ਸਾਲ ਅਤੇਪੀ ਐੱਨ ਬੀ ਉੱਤੇ ਦੋ ਸਾਲ ਲਈ ਪਾਬੰਦੀ ਲਾਈ ਗਈ ਹੈ। ਪ੍ਰਬੰਧਕਾਂ ਨੇ ਕਿਹਾ ਕਿ ਉਹ ਦੋਵਾਂ ਟੀਮਾਂ ਦੇ ਪ੍ਰਬੰਧਕਾਂ ਨੂੰ ਦੋਸ਼ੀ ਖਿਡਾਰੀਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਲਈ ਕਹਿਣਗੇ।

ਦੂਸਰੇ ਪਾਸੇ ਹਾਕੀ ਇੰਡੀਆ ਨੇ ਇਸ ਘਟਨਾ ਨੂੰ ਗੰਭੀਰਤਾ ਨਾਲ ਲਿਆ ਅਤੇਟੂਰਨਾਮੈਂਟ ਦੇ ਡਾਇਰੈਕਟਰ ਮਹੇਸ਼ ਕੁਮਾਰ ਨੂੰ ਵੇਰਵੇ ਸਮੇਤ ਰਿਪੋਰਟ ਦੇਣ ਨੂੰ ਕਿਹਾ ਹੈ। ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਬੱਤਰਾ ਨੇ ਵੀ ਹਾਕੀ ਇੰਡੀਆ ਨੂੰ ਇਸ ਘਟਨਾ ਵਿੱਚ ਸ਼ਾਮਲ ਖਿਡਾਰੀਆਂ ਤੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ। ਬੱਤਰਾ ਕੌਮਾਂਤਰੀ ਹਾਕੀ ਫੈਡਰੇਸ਼ਨ (ਐਫਆਈਐਚ) ਦੇ ਮੁਖੀ ਵੀ ਹਨ।

ਉਸ ਦਿਨ ਲੜਾਈ ਓਦੋਂ ਸ਼ੁਰੂ ਹੋਈ ਸੀ, ਜਦੋਂ ਦੋਵੇਂ ਟੀਮਾਂ 3-3 ਨਾਲ ਬਰਾਬਰੀ ਉੱਤੇ ਖੇਡ ਰਹੀਆਂ ਸਨ ਤੇ ਗੇਂਦ ਪੰਜਾਬ ਪੁਲਿਸ ਦੇ ਸਰਕਲ ਵਿੱਚ ਪੀ ਐੱਨ ਬੀਦੇ ਖਿਡਾਰੀਆਂ ਕੋਲ ਸੀ। ਇਸ ਦੌਰਾਨ ਖਿਡਾਰੀਆਂ ਨੇ ਟਰਫ਼ ਉੱਤੇ ਇੱਕ-ਦੂਜੇ ਉੱਤੇ ਮੁੱਕਿਆਂ ਤੇ ਹਾਕੀਆਂ ਨਾਲ ਹਮਲਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਰੋਕਣ ਦੇ ਬਾਅਦ ਟੂਰਨਾਮੈਂਟ ਅਧਿਕਾਰੀਆਂ ਨੇ ਵਿਚਾਲੇ ਪੈ ਕੇ ਦੋਵਾਂ ਟੀਮਾਂ ਦੇ ਤਿੰਨ-ਤਿੰਨ ਖਿਡਾਰੀਆਂ ਨੂੰ ਲਾਲ ਕਾਰਡ ਵਿਖਾਇਆ ਤੇ ਪੰਜਾਬ ਪੁਲਿਸ ਦੇ ਮੈਨੇਜਰ ਨੂੰ ਵੀ ਆਪਣੇ ਖਿਡਾਰੀਆਂ ਨੂੰ ਉਕਸਾਉਣ ਲਈ ਲਾਲ ਕਾਰਡ ਮਿਲਿਆ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਅਕਬਰ ਉੱਤੇ ਦੋਸ਼ ਲਾਉਣ ਦੇ ਪਿੱਛੇ ਕੋਈ ਮੰਦਭਾਵਨਾ ਤੇ ਬਾਹਰੀ ਮਕਸਦ ਨਹੀਂ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਪੱਤਰਕਾਰ ਪ੍ਰੀਆ ਰਮਾਨੀ ਨੇ ਕੱਲ੍ਹ ਦਿੱਲੀ ਦੀ ਇੱਕ ਕੋਰਟ ਨੂੰ ਕਿਹਾ ਕਿ 'ਮੀ ਟੂ ਅੰਦੋਲਨ' ਦੇ ਦੌਰਾਨ ਸਾਬਕਾ ਕੇਂਦਰੀ ਮੰਤਰੀ ਐੱਮ ਜੇ ਅਕਬਰ ਉਤੇ ਯੌਨ ਸ਼ੋਸ਼ਣ ਦੇ ਦੋਸ਼ ਲਾਉਣ ਦੇ ਪਿੱਛੇ ਉਨ੍ਹਾਂ ਦੀ ਕੋਈ ਮੰਦਭਾਵਨਾ ਜਾਂ ਬਾਹਰੀ ਮਕਸਦ ਨਹੀਂ ਸੀ। ਰਮਾਨੀ ਨੇ ਅਕਬਰ ਵੱਲੋਂ ਦਾਇਰ ਅਪਰਾਧਕ ਮਾਣਹਾਨੀ ਦੇ ਕੇਸ ਵਿੱਚ ਉਨ੍ਹਾਂ ਦੇ ਵਕੀਲ ਵੱਲੋਂ ਕੀਤੀ ਜਿਰਹਾ ਦੇ ਦੌਰਾਨ ਐਡੀਸ਼ਨਲ ਚੀਫ ਮੈਟਰੋਪਾਲੀਟਨ ਮੈਜਿਸਟਰੇਟ ਵਿਸ਼ਾਲ ਪਾਹੂਜਾ ਦੇ ਸਾਹਮਣੇ ਇਹ ਗੱਲ ਕਹੀ। ਪਿਛਲੇ ਸਾਲ 17 ਅਕਤੂਬਰ ਨੂੰ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਅਕਬਰ ਨੇ 'ਮੀ ਟੂ ਅੰਦੋਲਨ' ਦੇ ਦੌਰਾਨ ਸੋਸ਼ਲ ਮੀਡੀਆ ਉੱਤੇ ਆਪਣਾ ਨਾਂਅ ਲਏ ਜਾਣ ਦੇ ਕਾਰਨ ਪ੍ਰੀਆ ਰਮਾਨੀ ਦੇ ਖਿਲਾਫ ਨਿੱਜੀ ਅਪਰਾਧਕ ਮਾਣਹਾਨੀ ਦੀ ਸ਼ਿਕਾਇਤ ਦਾਇਰ ਕੀਤੀ ਹੈ।

ਪ੍ਰੀਆ ਰਮਾਨੀ ਨੇ ਕਿਹਾ, ਇਹ ਕਹਿਣਾ ਗਲਤ ਹੈ ਕਿ ਮੇਰੇ ਵੱਲੋਂ ਦੱਸੀ ਗਈ ਘਟਨਾ ਨਾਲ ਸੰਬੰਧਤ ਸਾਰੇ ਵੇਰਵੇ ਮਨਘੜਤ ਹਨ। ਇਹ ਕਹਿਣਾ ਗਲਤ ਹੈ ਕਿ ਮੈਂ ਸ਼ਿਕਾਇਤ ਕਰਤਾ ਦੇ ਖਿਲਾਫ ਦੋਸ਼ ਔਰਤਾਂ ਨੂੰ ਮਜ਼ਬੂਤ ਬਣਾਉਣ ਦੇ ਲਈ ਨਹੀਂ, ਬਲਕਿ ਕਿਸੇ ਮਕਸਦ ਨਾਲ ਲਾਏ ਹਨ। ਇਹ ਕਹਿਣਾ ਗਲਤ ਹੈ ਕਿ ਅਕਬਰ ਦੇ ਖਿਲਾਫ ਦੋਸ਼ ਲਾਉਣ ਪਿੱਛੇ ਮੇਰੀ ਕੋਈ ਮੰਦਭਾਵਨਾ ਅਤੇ ਬਾਹਰੀ ਮਕਸਦ ਹੈ। ਕੋਰਟ ਨੇ ਰਮਾਨੀ ਦੀ ਜਿਰਹ ਪੂਰੀ ਕਰ ਲਈ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ ਦੇ ਲਈ 10 ਦਸੰਬਰ ਦੀ ਤਰੀਕ ਤੈਅ ਕੀਤੀ ਹੈ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਮਹਾਰਾਸ਼ਟਰ 'ਚ ਚੋਰ-ਮੋਰੀਓਂ ਬਣਵਾਈ ਭਾਜਪਾ ਸਰਕਾਰ ਭੁੰਜੇ ਲੱਥੀ

* ਤਿੰਨ ਪਾਰਟੀ ਮੋਰਚੇ ਦੇ ਨਵੇਂ ਮੁੱਖ ਮੰਤਰੀ ਊਧਵ ਠਾਕਰੇ ਹੋਣਗੇ



ਮੁੰਬਈ, 26 ਨਵੰਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਵਿਚ ਸਿਆਸੀ ਖਹਿਬਾਜ਼ੀ ਦੌਰਾਨ ਰਾਤੋ-ਰਾਤ ਵਾਲੀ ਸਰਗਰਮੀ ਨਾਲ ਬਣਵਾਈ ਗਈ ਭਾਜਪਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵਾਲੀ ਸਰਕਾਰ ਚਾਰ ਦਿਨ ਵੀ ਨਹੀਂ ਚੱਲ ਸਕੀ ਤੇ ਅੱਜ ਅਸਤੀਫਾ ਦੇਣ ਲਈ ਮਜਬੂਰ ਹੋ ਗਈ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੋਵਾਂ ਨੇ ਆਪੋ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪਹਿਲਾਂ ਅਜਿਤ ਪਵਾਰ ਨੇ ਡਿਪਟੀ ਮੁੱਖ ਮੰਤਰੀ ਵਜੋਂ ਅਸਤੀਫ਼ਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਸੌਂਪ ਦਿੱਤਾ ਤੇ ਕੁਝ ਦੇਰ ਬਾਅਦ ਫੜਨਵੀਸ ਨੇ ਵੀ ਅਸਤੀਫਾ ਦੇ ਦਿੱਤਾ। ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਅੱਜ ਸਵੇਰੇ 27 ਨਵੰਬਰ ਨੂੰ ਵਿਧਾਨ ਸਭਾ ਵਿੱਚ ਫਲੋਰ ਟੈਸਟ ਕਰਾਉਣ ਦਾ ਹੁਕਮ ਦਿੱਤਾ ਸੀ ਅਤੇ ਇਸ ਪਿੱਛੋਂ ਸ਼ਰਦ ਪਵਾਰ ਨੇ ਭਤੀਜੇ ਅਜੀਤ ਪਵਾਰ ਨੂੰ ਮਨਾ ਲਿਆ ਸੀ।

ਮੁੰਬਈ ਤੋਂ ਮਿਲੀਆਂ ਖਬਰਾਂ ਜਾਣਕਾਰੀ ਮੁਤਾਬਕ ਸ਼ਰਦ ਪਵਾਰ ਨੇ ਸਵੇਰੇ ਹੋਟਲ ਟ੍ਰਾਈਡੈਂਟ ਵਿੱਚਭਤੀਜੇ ਅਜਿਤ ਪਵਾਰ ਨਾਲ ਮੁਲਾਕਾਤ ਕੀਤੀ, ਜਿੱਥੇ ਸ਼ਰਦ ਦੀ ਬੇਟੀ ਸੁਪ੍ਰੀਆ ਸੂਲੇ, ਸੀਨੀਅਰ ਪਾਰਟੀ ਲੀਡਰ ਪ੍ਰਫੁੱਲ ਪਟੇਲ ਤੇ ਜੈਅੰਤ ਪਾਟਿਲ ਵੀ ਮੌਜੂਦ ਸਨ। ਇਸ ਮੌਕੇ ਪਵਾਰ ਨੇ ਅਜਿਤ ਨੂੰ ਕਿਹਾ ਕਿ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਹੈ ਅਤੇ ਉਹ ਉਪ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇ ਕੇ ਪਾਰਟੀ ਵਿੱਚਵਾਪਸ ਆ ਜਾਣ। ਇਸ ਦੇ ਨਾਲ ਇਹ ਵੀ ਕਿਹਾ ਕਿ ਅਜਿਤ ਪਵਾਰ ਦੇ ਕੋਲ ਦੂਸਰਾ ਬਦਲ ਇਹ ਹੈ ਕਿ ਉਹ ਬੁੱਧਵਾਰ ਹੋਣ ਵਾਲੇ ਫਲੋਰ ਟੈਸਟ ਦੌਰਾਨ ਵਿਧਾਨ ਸਭਾ ਤੋਂ ਗ਼ੈਰ-ਹਾਜ਼ਰ ਹੋ ਜਾਵੇ। ਸ਼ਰਦ ਪਵਾਰ ਨੇ ਆਪਣੇ ਭਤੀਜੇ ਅਜਿਤ ਪਵਾਰ ਨੂੰ ਏਥੋਂ ਤੱਕ ਕਿਹਾ ਕਿ ਜੇ ਉਸ ਨੇ ਹਾਲੇ ਵੀ ਨਹੀਂ ਮੰਨਣਾਅਤੇ ਪਾਰਟੀ ਦੇ ਵਿਧਾਇਕਾਂ ਲਈ ਵ੍ਹਿਪ ਜਾਰੀ ਕਰਨਾ ਹੈ ਤਾਂ ਨੈਸ਼ਨਲਿਸਟ ਕਾਂਗਰਸ ਪਾਰਟੀ ਐੱਨ ਸੀ ਪੀਆਪਣੇ ਵਾਸਤੇ ਇੱਕ ਪਲਾਨ ਬੀ ਬਣਾ ਚੁੱਕੀ ਹੈ। ਇਸ ਆਖਰੀ ਗੱਲ ਤੋਂ ਬਾਅਦ ਭਤੀਜਾ ਅਜਿਤ ਪਵਾਰ ਪੈਰਾਂ ਤੋਂ ਨਿਕਲ ਗਿਆ।

# ਊਧਵ ਠਾਕਰੇ ਵੱਲੋਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼, 28 ਨੂੰ ਸਹੁੰ ਚੁੱਕਣਗੇ

* ਨੇਤਾ ਚੁਣੇ ਜਾਣ ਪਿੱਛੋਂ ਊਧਵ ਕਹਿੰਦਾ: ਮੋਟਾ ਭਾਈ ਨੂੰ ਮਿਲਣ ਜਾਵਾਂਗਾ



ਮੁੰਬਈ, 26 ਨਵੰਬਰ, (ਪੋਸਟ ਬਿਊਰੋ)- ਸ਼ਿਵ ਸੈਨਾ-ਐੱਨ ਸੀ ਪੀ-ਕਾਂਗਰਸ ਵਾਲੇ ਤਿੰਨ ਪਾਰਟੀਆਂ ਦੇ ਗਠਜੋੜ ਵੱਲੋਂ ਮੁੱਖ ਮੰਤਰੀ ਅਹੁਦੇ ਲਈ ਨਾਮਜ਼ਦ ਊਧਵ ਠਾਕਰੇ ਅੱਜ ਮੰਗਲਵਾਰ ਰਾਤ ਰਾਜ ਭਵਨ ਗਏ ਤੇ ਮਹਾਰਾਸ਼ਟਰ ਦੀ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਗਵਰਨਰ ਭਗਤ ਸਿੰਘ ਕੋਸ਼ਿਆਰੀ ਨੇ ਊਧਵ ਠਾਕਰੇ ਨੂੰ 28 ਨਵੰਬਰ ਸਹੁੰ ਚੁੱਕਣ ਦਾ ਸੱਦਾ ਦਿੱਤਾ ਹੈ। ਸ਼ਿਵ ਸੈਨਾ ਦੇ ਇਕ ਨੇਤਾ ਮੁਤਾਬਕ ਸ਼ਿਵ ਸੈਨਾ ਮੁਖੀ ਊਧਵ ਠਾਕਰੇ ਦੇ ਨਾਲ ਸ਼ਿਵ ਸੈਨਾ, ਐੱਨ ਸੀ ਪੀਅਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਵੀ ਰਾਜ ਭਵਨ ਗਏ ਸਨ। ਉਨ੍ਹਾਂ ਦੱਸਿਆ ਕਿ ਅਸੀਂਗਵਰਨਰਕੋਲ ਸਰਕਾਰ ਬਣਾਉਣ ਦੇ ਦਾਅਵੇ ਲਈ ਇਕ ਸਾਂਝਾ ਬਿਆਨ ਦਿੱਤਾ ਹੈ ਤੇ ਜਰੂਰੀ ਪ੍ਰਕਿਰਿਆ ਲਈ ਤਿੰਨੇ ਦਲਾਂ ਦੇ ਸਾਰੇ ਵਿਧਾਇਕਾਂ ਦੇ ਸਮਰਥਨ ਦਾ ਸਬੂਤਗਵਰਨਰ ਨੂੰ ਪੇਸ਼ ਕਰ ਦਿੱਤਾ ਹੈ।

ਮੰਗਲਵਾਰ ਸ਼ਾਮ ਨੂੰ ਸ਼ਿਵ ਸੈਨਾ, ਐੱਨ ਸੀ ਪੀ ਅਤੇ ਕਾਂਗਰਸ ਦੇ ਨੇਤਾਵਾਂ ਵੱਲੋਂ ਰਾਜ ਦੇ ਗਵਰਨਰ ਭਗਤ ਸਿੰਘ ਕੋਸ਼ਿਆਰੀ ਨਾਲ ਮੁਲਾਕਾਤ ਪਿੱਛੋਂ ਕਾਂਗਰਸ ਦੇ ਨੇਤਾਅਤੇ ਸਾਬਕਾ ਮੁੱਖ ਮੰਤਰੀ ਪ੍ਰਿਥਵੀ ਰਾਜ ਚਵਾਨ ਨੇ ਕਿਹਾ ਕਿ ਸ਼ਿਵ ਸੈਨਾ ਮੁਖੀ ਊਧਵ ਠਾਕਰੇ ਦੀ ਅਗਵਾਈ ਵਿੱਚ ਰਾਜ ਵਿੱਚ ਸਰਕਾਰ ਬਣਨ ਲਈ ਰਾਹ ਪੱਧਰਾ ਹੋ ਗਿਆ ਹੈ।

ਸ਼ਿਵ ਸੈਨਾ, ਕਾਂਗਰਸ ਅਤੇ ਐੱਨ ਸੀ ਪੀ ਗਠਜੋੜ ਵੱਲੋਂਨਵੇਂ ਮੁੱਖ ਮੰਤਰੀ ਵਜੋਂ ਆਪਣੇ ਨਾਂ ਉੱਤੇ ਮੋਹਰ ਲੱਗਣ ਤੋਂ ਬਾਅਦ ਊਧਵ ਠਾਕਰੇ ਨੇ ਕਿਹਾ ਹੈ ਕਿ 'ਜਿਨ੍ਹਾਂ ਨਾਲ ਅਸੀਂ 30 ਸਾਲ ਰਹੇ, ਉਹ ਸਾਡੇ ਉੱਤੇ ਭਰੋਸਾ ਨਹੀਂ ਕਰ ਸਕੇ ਤੇ ਜਿਨ੍ਹਾਂ ਨਾਲ ਅਸੀਂ ਹਮੇਸ਼ਾ ਲੜਦੇ ਰਹੇ, ਉਨ੍ਹਾਂ ਨੇ ਸਾਡੀ ਲੀਡਰਸ਼ਿਪ ਵਿੱਚ ਭਰੋਸਾ ਪ੍ਰਗਟ ਕੀਤਾ ਹੈ।' ਊਧਵ ਠਾਕਰੇ ਨੇ ਇਸ ਭਰੋਸੇ ਲਈ ਐੱਨ ਸੀ ਪੀ ਦੇ ਪ੍ਰਧਾਨ ਸ਼ਰਦ ਪਵਾਰ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਸਰਕਾਰ ਵਿੱਚਅਸੀਂ ਮੇਰ-ਤੇਰਨਹੀਂ ਕਰਨੀ, ਇਹ ਸਾਡੀ ਸਭ ਦੀ ਸਾਂਝੀ ਸਰਕਾਰ ਹੈ, ਆਮ ਲੋਕਾਂ ਦੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਵਾਲੇ ਦੇਵੇਂਦਰ ਫੜਨਵੀਸ ਦਾ ਬਿਆਨ ਆਇਆ ਹੈ, ਜਿਸ ਵਿੱਚ ਉਹ ਹਾਲੇ ਵੀ ਕਹਿੰਦੇ ਹਨ ਕਿ ਢਾਈ-ਢਾਈ ਸਾਲ ਮੁੱਖ ਮੰਤਰੀ ਅਹੁਦੇ ਦੀ ਗੱਲ ਨਹੀਂ ਹੋਈ ਸੀ, ਜਦਕਿ ਇਹ ਗੱਲ ਮੇਰੇ ਨਿਵਾਸ 'ਮਾਤੋਸ਼੍ਰੀ' ਵਿੱਚ ਹੋਈ ਸੀ। ਜਿਹੜਾ ਆਦਮੀ ਮਾਤੋਸ਼੍ਰੀਆਣ ਕੇ ਝੂਠ ਬੋਲਦਾ ਹੋਵੇ, ਮੈਂ ਕਦੇ ਉਸ ਦਾ ਸਾਥ ਦੇਣ ਵਾਲਾ ਨਹੀਂ। ਊਧਵ ਠਾਕਰੇ ਨੇ ਐੱਨ ਸੀ ਪੀ ਦੇ ਪ੍ਰਧਾਨ ਸ਼ਰਦ ਪਵਾਰ ਦੇ ਤਜਰਬੇ ਅਤੇ ਅਸ਼ੀਰਵਾਦ ਨਾਲ ਇਸ ਰਾਜ ਨੂੰ ਚੰਗੀ ਸਰਕਾਰ ਦੇਣ ਦਾ ਭਰੋਸਾ ਦਿੱਤਾ।

ਇਸ ਦੌਰਾਨ ਊਧਵ ਠਾਕਰੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲ ਇਸ਼ਾਰਾ ਕਰਦੇ ਹੋਏ ਨੇ ਕਿਹਾ ਕਿ ਉਹ ਛੇਤੀ ਹੀ 'ਮੋਟਾ ਭਾਈ' (ਮਰਾਠੀ ਭਾਸ਼ਾ ਵਿੱਚ 'ਵੱਡਾ ਭਰਾ') ਨੂੰ ਮਿਲਣ ਦਿੱਲੀ ਵੀ ਜਾਣਗੇ।

ਊਧਵ ਠਾਕਰੇ ਨੂੰ ਮੁੱਖ ਮੰਤਰੀ ਨਾਮਜ਼ਦ ਕਰਨ ਵਾਸਤੇ ਕਾਂਗਰਸ, ਐੱਨ ਸੀ ਪੀ ਅਤੇ ਸ਼ਿਵ ਸੈਨਾ ਵਿਧਾਇਕ ਦਲ ਦੀ ਅੱਜ ਸ਼ਾਮ ਏਥੇ ਹੋਈ ਸਾਂਝੀ ਬੈਠਕ ਵਿੱਚਐੱਨ ਸੀ ਪੀ ਵਿਧਾਇਕ ਦਲ ਦੇ ਨੇਤਾ ਜਯੰਤ ਪਾਟਿਲ ਨੇ ਤਿੰਨਾਂ ਦਲਾਂਵੱਲੋਂ ਸਾਂਝੇ ਮੋਰਚੇ ਦਾ ਨੇਤਾ ਬਣਾਉਣ ਦਾ ਮਤਾ ਪੇਸ਼ ਕੀਤਾ, ਜਿਸ ਦਾ ਸਭ ਨੇ ਹੱਥ ਖੜੇ ਕਰ ਕੇ ਸਮਰਥਨ ਕੀਤਾ।ਬੈਠਕ ਵਿੱਚਐੱਨ ਸੀ ਪੀ ਨੇਤਾ ਸ਼ਰਦ ਪਵਾਰ, ਉਨ੍ਹਾਂ ਦੀ ਪਾਰਲੀਮੈਂਟ ਮੈਂਬਰ ਬੇਟੀ ਸੁਪ੍ਰੀਆ ਸੂਲੇ ਤੇਸੀਨੀਅਰ ਆਗੂ ਪ੍ਰਫੁੱਲ ਪਟੇਲ, ਕਾਂਗਰਸ ਵਿਧਾਇਕ ਦਲ ਦੇ ਨੇਤਾ ਬਾਲਾ ਸਾਹਿਬ ਥੋਰਾਟ, ਸਾਬਕਾ ਕਾਂਗਰਸੀ ਮੁੱਖ ਮੰਤਰੀ ਅਸ਼ੋਕ ਚਵਾਨਤੇ ਸ਼ਿਵ ਸੈਨਾ ਦੇ ਨੇਤਾ ਸੰਜੇ ਰਾਊਤ ਅਤੇ ਆਦਿਤਿਆ ਠਾਕਰੇ ਵੀ ਮੌਜੂਦ ਸਨ।

ਉਧਰ ਭਾਜਪਾ ਵਿਧਾਇਕ ਕਾਲੀਦਾਸ ਕੋਲੰਬਕਰ ਨੂੰ ਅੱਜ ਮਹਾਰਾਸ਼ਟਰ ਅਸੈਂਬਲੀ ਦੇ ਨਵੇਂ ਪ੍ਰੋਟੈਮ ਸਪੀਕਰ ਬਣਾ ਦਿੱਤਾ ਗਿਆ ਹੈ। ਉਨ੍ਹਾਂ ਨੂੰ ਗਵਰਨਰ ਭਗਤ ਸਿੰਘ ਕੋਸ਼ਿਆਰੀ ਨੇ ਰਾਜਭਵਨ ਵਿੱਚ ਅਹੁਦੇ ਦੀ ਸਹੁੰ ਚੁਕਾਈ। ਕਾਲੀਦਾਸ ਨੀਲਕੰਠ ਕੋਲੰਬਕਰ ਮਹਾਰਾਸ਼ਟਰ ਵਿਧਾਨ ਸਭਾ ਦੇ ਅੱਠ ਵਾਰ ਮੈਂਬਰ ਰਹੇ ਹਨ ਅਤੇ ਵਡਾਲਾ ਵਿਧਾਨ ਸਭਾ ਸੀਟ ਤੋਂ ਚੋਣ ਜਿੱਤੇ ਹਨ। ਇਸ ਤੋਂ ਪਹਿਲਾਂ ਉਹ ਕਾਂ-ਗਰਸ ਦੇ ਵਿਧਾਇਕਵੀ ਰਹੇ ਹਨ।

# ਬਹੁ-ਚਰਚਿਤ ਅਕਾਲੀ ਸਰਪੰਚ ਦਾ ਕਾਤਲ ਮਹਾਂਰਾਸ਼ਟਰ ਤੋਂ ਕਾਬੂ



* ਮਜੀਠੀਆ ਨੇ ਜੱਗੂ ਗੈਂਗ ਵੱਲੋਂ ਧਮਕੀਆਂ ਮਿਲਣ ਦਾ ਦੋਸ਼ ਲਾਇਆ



ਬਟਾਲਾ, 26 ਨਵੰਬਰ, (ਪੋਸਟ ਬਿਊਰੋ)- ਪੁਲਸ ਜ਼ਿਲਾ ਬਟਾਲਾ ਦੇ ਪਿੰਡ ਢਿਲਵਾਂ ਦੇ ਸਾਬਕਾ ਅਕਾਲੀ ਸਰਪੰਚ ਦਲਬੀਰ ਸਿੰਘ ਦੇ ਕਤਲ ਕੇਸ ਵਿੱਚ ਬਟਾਲਾ ਪੁਲਸ ਨੇ ਇਕ ਦੋਸ਼ੀ ਅੰਮ੍ਰਿਤਪਾਲ ਸਿੰਘ ਪੁੱਤਰ ਹੀਰਾ ਸਿੰਘ ਪਿੰਡ ਦਾਲਮ ਨੰਗਲ ਨੂੰ ਅੱਜ ਰਾਤ ਮਹਾਂਰਾਸ਼ਟਰ ਦੇ ਜ਼ਿਲ੍ਹਾ ਪਰਬਨੀ ਦੇ ਪੂਰਨਾ ਰੇਲਵੇ ਸ਼ਟੇਸ਼ਨ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀ ਅੰਮ੍ਰਿਤਪਾਲ ਸਿੰਘ ਉਸ ਵਕਤ ਹਜ਼ੂਰ ਸਾਹਿਬ (ਨਾਂਦੇੜ) ਨੂੰ ਜਾ ਰਿਹਾ ਸੀ।

ਇਸ ਸਬੰਧ ਵਿੱਚਐੱਸ ਐੱਸ ਪੀ ਉਪਿੰਦਰਜੀਤ ਸਿੰਘ ਘੁੰਮਣ ਨੇ ਦੱਸਿਆ ਕਿ ਪਿੰਡ ਢਿਲਵਾਂ ਵਿਖੇ 18 ਨਵੰਬਰ ਨੂੰ ਕੁਝ ਲੋਕਾਂਵਲੋਂ ਸਾਬਕਾ ਸਰਪੰਚ ਦਲਬੀਰ ਸਿੰਘ ਦਾ ਕਤਲ ਕਰਨ ਬਾਰੇ ਦੋਸ਼ੀਆਂ ਖਿਲਾਫ਼ ਥਾਣਾ ਕੋਟਲੀ ਸੂਰਤ ਮੱਲ੍ਹੀ ਵਿਖੇ ਕੇਸ ਦਰਜ ਕੀਤਾ ਗਿਆ ਸੀ। ਇਸ ਦੇ ਬਾਅਦ ਦੋਸ਼ੀ ਗ੍ਰਿਫ਼ਤਾਰੀ ਤੋਂ ਡਰਦੇ ਫਰਾਰ ਹੋ ਗਏ ਸਨ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਅੰਮ੍ਰਿਤਪਾਲ ਸਿੰਘ ਪੁੱਤਰ ਹੀਰਾ ਸਿੰਘ ਪਿੰਡ ਦਾਲਮ ਨੰਗਲਇਸ ਵਾਰਦਾਤ ਵਿੱਚ ਸ਼ਾਮਲ ਸੀ। ਉਸ ਦੇ ਬਾਰੇ ਸੂਚਨਾ ਉੱਤੇਐੱਸ ਪੀਬਟਾਲਾ ਜਸਬੀਰ ਸਿੰਘ ਰਾਏ ਤੇ ਬਲਬੀਰ ਸਿੰਘ ਡੀ ਐੱਸ ਪੀਦੀ ਅਗਵਾਈ ਹੇਠ ਪੁਲਸ ਪਾਰਟੀ ਨੂੰ ਦੋਸ਼ੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਲਈ ਮਹਾਂਰਾਸ਼ਟਰ ਭੇਜਿਆ ਗਿਆ ਸੀ। ਐੱਸ ਐੱਸ ਪੀ ਨੇ ਦੱਸਿਆ ਕਿ ਇਸ ਪੁਲਸ ਟੀਮਨੇ ਅੰਮ੍ਰਿਤਪਾਲ ਸਿੰਘ ਨੂੰ 25 ਨਵੰਬਰ ਰਾਤ 9 ਵਜੇ ਮਹਾਂਰਾਸ਼ਟਰ ਦੇ ਜ਼ਿਲ੍ਹਾ ਪਰਬਨੀ ਦੇ ਪੂਰਨਾ ਰੇਲਵੇ ਸ਼ਟੇਸ਼ਨ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਉਹ ਹਜ਼ੂਰ ਸਾਹਿਬ (ਨਾਂਦੇੜ) ਜਾ ਰਿਹਾ ਸੀ। ਜ਼ਿਲਾ ਪੁਲਸ ਮੁਖੀ ਨੇ ਕਿਹਾ ਬਾਕੀ ਦੋਸ਼ੀਆਂ ਦੀ ਭਾਲ ਜਾਰੀ ਹੈ ਤੇ ਉਨ੍ਹਾਂ ਨੂੰ ਵੀ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

ਇਸ ਦੌਰਾਨ ਅਕਾਲੀ ਆਗੂ ਅਤੇਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾਦੀ ਸ਼ਬਦੀ ਜੰਗ ਹੋਰ ਭਖ ਗਈ ਹੈ। ਅੱਜ ਚੰਡੀਗੜ੍ਹ ਵਿੱਚ ਪੱਤਰਕ-ਾਰਾਂ ਨਾਲ ਗੱਲਬਾਤ ਦੌਰਾਨ ਮਜੀਠੀਆ ਨੇ ਗੈਂਗਸਟਰਾਂ ਨਾਲ ਮੰਤਰੀ ਦੇ ਸੰਬੰਧਾਂ ਬਾਰੇ ਕਿਹਾ ਕਿ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਉਨ੍ਹਾਂ ਦੇ ਪੀ ਏ ਦੇ ਫੋਨ ਰਿਕਾਰਡ ਦੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਮਜੀਠੀਆ ਨੇ ਅੱਜ ਪੰਜਾਬ ਪੁਲਸ ਦੇ ਮੁਖੀ(ਡੀ ਜੀ ਪੀ) ਕੋਲ ਪਹੁੰਚ ਕਰ ਕੇ ਗੈਂਗਸਟਰ ਜੱਗੂ ਭਗਵਾਨਪੁਰੀਆ ਅਤੇ ਸੁਖਜਿੰਦਰ ਸਿੰਘ ਰੰਧਾਵਾ ਦੇ ਸਬੰਧਾਂ ਦੀ ਜਾਂਚ ਕਰਾਉਣ ਨੂੰ ਕਿਹਾ ਹੈ। ਇੱਕ ਅਕਾਲੀ ਵਫਦ ਨੇ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਡੀਜੀਪੀ ਨਾਲ ਮੁਲਾਕਾਤਮੌਕੇ ਸ਼ਿਕਾਇਤ ਪੱਤਰ ਦੇ ਕੇ ਮੰਗ ਕੀਤੀ ਕਿ ਦਲਬੀਰ ਸਿੰਘ ਢਿੱਲਵਾਂ ਦੇ ਕਤਲ ਦੀ ਸਾਜ਼ਿਸ਼ਦਾ ਭੇਦ ਖੋਲ੍ਹਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਜਦੋਂ ਤੋਂ ਰੰਧਾਵਾ ਅਤੇ ਜੱਗੂ ਭਗਵਾਨਪੁਰੀਏ ਦੇ ਸੰਬੰਧਾਂ ਬਾਰੇਦੋਸ਼ ਲਾਏ ਗਏ ਹਨ, ਉਨ੍ਹਾਂ ਨੂੰ ਸੋਸ਼ਲ ਮੀਡੀਆ ਤੋਂ ਧਮਕੀਆਂ ਮਿਲਣ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਜੱਗੂ ਜੇਲ ਵਿਚ ਬੈਠ ਕੇ ਹਰ ਤਰ੍ਹਾਂ ਦਾ ਨੈਕਸਸ ਚਲਾ ਰਿਹਾ ਹੈ ਅਤੇ ਜੇਲ ਮੰਤਰੀ ਵੱਲੋਂ ਉਸ ਨੂੰ ਹਰ ਸਹੂਲਤ ਦਿੱਤੀ ਜਾ ਰਹੀ ਹੈ।

# ਸੰਵਿਧਾਨ ਦਿਵਸ: ਪੰਜਾਬ ਵਿਧਾਨ ਸਭਾ 'ਚ ਮੁੱਢਲੇ ਅਧਿਕਾਰਾਂ ਤੇ ਫਰਜ਼ਾਂ ਦੀ ਚਰਚਾ



ਚੰਡੀਗੜ੍ਹ, 26 ਨਵੰਬਰ, (ਪੋਸਟ ਬਿਊਰੋ)- ਭਾਰਤ ਦੇ ਸੰਵਿਧਾਨ ਦਿਵਸ ਮੌਕੇ ਅੱਜ ਬੁਲਾਏ ਗਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿਚ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਤੇ ਕਰੱਤਵਾਂ ਉੱਤੇ ਚਰਚਾ ਕੀਤੀ ਗਈ। ਇਸ ਮੌਕੇ ਵੀ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵਿਧਾਨ ਸਭਾ ਵਿੱਚਨਹੀਂ ਪੁੱਜੇ। ਮੁੱਢਲੇ ਅਧਿਕਾਰਾਂਦੀ ਚਰਚਾ ਦੌਰਾਨ ਆਮ ਆਦਮੀ ਪਾਰਟੀ ਦੀ ਵਿਧਾਇਕ ਸਰਬਜੀਤ ਕੌਰ ਮਾਣੂਕੇ ਨੇ ਕਿਹਾ ਕਿ ਅੱਜ ਤਕ ਅਸੀਂ ਬੱਚਿਆਂ ਨੂੰ ਸਰਬ ਧਰਮ ਦੀ ਸਿੱਖਿਆ ਨਹੀਂ ਦੇ ਸਕੇ। ਉਨ੍ਹਾਂ ਨੂੰ ਸਰਬ ਧਰਮ ਦੀ ਸਿੱਖਿਆ ਦੀ ਲੋੜ ਹੈ। ਅਕਾਲੀ ਦਲ ਨੇ ਸੈਸ਼ਨ ਵਿਚ ਇਸ ਗੱਲ ਉੱਤੇ ਬਹਿਸ ਕਰਾਉਣ ਦੀ ਮੰਗ ਕੀਤੀ ਕਿ ਸੰਵਿਧਾਨ ਦੀ ਭਾਰਤ ਨੂੰ ਸੁਤੰਤਰ, ਸਮਾਜਵਾਦੀ, ਧਰਮ ਨਿਰਪੱਖ ਲੋਕਤੰਤਰੀ ਗਣਤੰਤਰ ਬਣਾਉਣ ਦੀ ਵਚਨਬੱਧਤਾ ਨੂੰ ਕਾਂਗਰਸ ਸਰਕਾਰ ਵੱਲੋਂ ਲਾਗੂ ਕਿਉਂ ਨਹੀਂ ਕੀਤਾ ਜਾ ਰਿਹਾ। ਪਾਰਟੀ ਨੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇਸ ਅਸਫਲਤਾਬਾਰੇ ਆਤਮ ਨਿਰੀਖਣ ਕਰਨ ਦਾ ਸੱਦਾ ਦਿੱਤਾ ਹੈ।ਇਸ ਸਬੰਧ ਵਿਚ ਅਕਾਲੀ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਤੇ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਵਿੱਚ ਸਪੀਕਰ ਨੂੰ ਵੀ ਮਿਲੇ। ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਚੇਤੇ ਕਰਵਾਇਆ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 24 ਫਰਵਰੀ 1984 ਵਿਚ ਸੰਵਿਧਾਨ ਪਾੜਿਆ ਸੀ। ਵਿਰੋਧੀ ਧਿਰ ਵਾਲੇ ਵਿਧਇਕਾਂ ਨੇ ਇਸ ਮੌਕੇ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਦੌਰਾਨ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਦੀ ਗੱਲ ਚੇਤੇ ਕਰਾਈ। ਚਰਚਾ ਦੌਰਾਨ ਪਿਛਲੇ ਦਿਨੀ ਚੰਗਾਲੀਵਾਲਾ ਵਿੱਚ ਇੱਕ ਦਲਿਤ ਨੌਜਵਾਨ ਦੇ ਕਤਲ ਸਮੇਤ ਕਈ ਮੁੱਦੇ ਉੱਠਦੇ ਰਹੇ।

## ਸ਼ੋਕ ਸਮਾਚਾਰ

### ਸ਼੍ਰੀਮਤੀ ਦਲਜੀਤ ਕੌਰ ਕੰਗ ਨਹੀਂ ਰਹੇ



ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਮਤੀ ਦਲਜੀਤ ਕੌਰ ਕੰਗ ਬੀਤੀ 20 ਨਵੰਬਰ ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਗਏ। ਜਿਨ੍ਹਾਂ ਦਾ ਅੰਤਿਮ ਸਸਕਾਰ ਮਿਤੀ 30 ਨਵੰਬਰ ਦਿਨ ਸ਼ਨੀਵਾਰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ 30 Bramwin court ਵਿਖੇ ਕੀਤਾ ਜਾਵੇਗਾ ਤੇ ਅੰਤਿਮ ਅਰਦਾਸ ਦੁਪਹਿਰ 2 ਵਜੇ Dixie gurudwara 7080 Dixie rd Mississauga ਵਿਖੇ ਕੀਤੀ ਜਾਵੇਗੀ।ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 647-248-5169 ਅਤੇ 647-772-5330 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।







**Paramjit Deol** Broker **CELL: 416-993-7378**
7071 Airport Rd, Suit 201, Mississauga, ON




1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca


**Your neighborhood broker, Call Paramjit Deol Today**

**South Dundas $299,000**

**23 Plaza Dr:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As Lcbo, Rbc Bank, Circle K, Foodland & More.

**COBOURG $349,000**

**Durham/King :** 3 Bedroom Semi In The Heart Of Downtown Cobourg, Very Close To The Lake And Downtown. Clean Property With Private Driveway And Nice Size Backyard. Move In Ready.

**MISSISSAUGA $399,000**
Photo Not Available
**777 Dundas St W:** Well Established Franchise Opportunity For Automotive Business In Mississauga, 10 Years At Same Location, Sales Are 1.2M Per Year, Great Net Profits, 5 Bays,6 Hoist,, Long Term Lease, Upto 25 Car Parking, Ideal For Car Sales.

**SHELBURNE $399,999**

**Centre/Jelly:** This Beautifully Renovated Home Comes With 5 Bedrooms And 2 And 1/2 Half Bathroom. Finished Basement Come With Electric Water Heater As Well As A Gas Line That You Can Connect If You Need The Extra Heat. Laminated Flooring Throughout The House Except For The Stairs Going Up.

**TORONTO $435,000**


**Kingston/Guildwood:** Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby.Steps To Conservation Area Trail.

**BRAMPTON $459,000**

**7800 Hurontario :** Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure.High Density Traffic Flow Daily.

**BRANTFORD $499,000**

**639 Colborne St W:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**VAUGHAN $643,000**

**Jane St & Hwy 7:** Assignment Sale In Nord & West Condos, 851 Sq Ft With One Locker & One Parking. 1 Minute Walk To New Vaughan Subway Station, 5 Mins To York University.

**BRAMPTON $649,000**
Photo Not Available
**Bruce Beer & Williams Pkwy:** Fabulous Detach Backsplit 5 Level, Fully Renovated Top-To-Bottom. This Home Offers 3 Huge Sized Bedrooms, Fully Upgraded Kitchen, Big Size Living/Dining/Family Room. Brand New Appliances, Finished Basement, Fully Landscaped, Close To All amenities.


**BRAMPTON $655,000**


**Bovaird/ Heart Lake :** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite.

**OSHAWA $659,000**
Photo Not Available
**Simcoe St/Highway 407 :** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407, U Of O Durham College, Public Transit

**TORONTO $899,900**


**Kennedy & Kingston:** Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths.

**BRAMPTON $899,900**

**Edenbrook Hill/Sandalwood Pkwy:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble Backsplash. Finished Basement Apartments.

**Mississauga $1,995,000**

**Qew And Hurontario:** Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home .

**TORONTO $2,249,000**

**Glencairn And Bathurst:** A Custom Built 3,300 Sqft Home 4+2 Bdrms Meticulously Maintained. Steps To Ttc/Subway, All Amenities. Nestled In A Prime Pocket Of Toronto's Upper End Homes. Spacious Main Flr W/ 10 Ft Ceilings, 9 Ft Ceilings On Top Flr,

**TORONTO $3,537,500**

**2010 Kipling Ave:** Coin Car Wash Built In 2009, Modern 8 Bays. Prime Location, High Traffic Area, Near Ttc & Main Major Highways. Large Lot 24,408 Sq Ft. Coin Car Wash Cash Business On Developed Land.Central Location With Neighbors.

*Canadian punjabi post assumes no responsibility for the accuracy of any information shown. Copyright Ppost 2019

## ਹਸਪਤਾਲ, ਯੂਨੀਵਰਸਿਟੀ, ਸੇਫ਼ਟੀ, ਸਕਿਊਰਿਟੀ, ਲੀਗਲ ਬੇਸਮੈਂਟਾਂ ਲਈ ਮੀਟਿੰਗ 30 ਨਵੰਬਰ ਨੂੰ



ਬਰੈਂਪਟਨ, (ਡਾ. ਝੰਡ) - ਪ੍ਰਿੰ. ਸੰਜੀਵ ਧਵਨ ਤੋਂ ਪ੍ਰਾਪਤ ਸੂਚਨਾ ਅਨੁਸਾਰ ਬਰੈਂਪਟਨ ਵਿਚ ਇਕ ਹੋਰ ਹਸਪਤਾਲ, ਸ਼ਹਿਰ ਵਿਚ ਸੇਫ਼ਟੀ ਤੇ ਸਕਿਊਰਿਟੀ, ਲੀਗਲ ਬੇਸਮੈਂਟਾਂ ਅਤੇ ਯੂਨੀਵਰਸਿਟੀ ਦੀਆਂ ਮੰਗਾਂ ਨੂੰ ਲੈ ਕੇ ਸਥਾਨਕ ਐੱਫ਼.ਬੀ.ਆਈ. ਸਕੂਲ ਵਿਚ 30 ਨਵੰਬਰ ਦਿਨ ਸ਼ਨੀਵਾਰ ਨੂੰ ਦੁਪਹਿਰੇ 12.00 ਵਜੇ ਇਕ ਵਿਸ਼ਾਲ ਮੀਟਿੰਗ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਦੇ ਲਈ ਬਰੈਂਪਟਨ ਦੇ ਸਮੂਹ ਐੱਮ.ਪੀਜ਼, ਐੱਮ.ਪੀ.ਪੀਜ਼, ਕਾਊਂਸਲਰਾਂ ਤੇ ਰੀਜਨਲ ਕਾਂਊਸਲਰਾਂ, ਸਕੂਲ-ਟਰੱਸਟੀਆਂ ਅਤੇ ਹੋਰ ਪਤਵੰਤਿਆਂ ਨੂੰ ਸੱਦਾ-ਪੱਤਰ ਭੇਜੇ ਗਏ ਹਨ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਵੱਲੋਂ ਇਸ ਮੀਟਿੰਗ ਵਿਚ ਸ਼ਿਰਕਤ ਲਈ ਪ੍ਰਵਾਨਗੀਆਂ ਵੀ ਪ੍ਰਾਪਤ ਹੋ ਚੁੱਕੀਆਂ ਹਨ।

ਇਹ ਮੀਟਿੰਗ ਠੀਕ 12.00 ਵਜੇ ਸਕੂਲ ਦੇ ਜ਼ਿੰਮ-ਹਾਲ ਵਿਚ ਸ਼ੁਰੂ ਹੋਏਗੀ ਅਤੇ ਇਹ ਲੱਗਭੱਗ ਦੋ ਘੰਟੇ ਚਲੇਗੀ। ਮੀਟਿੰਗ ਵਿਚ ਪਹੁੰਚੇ ਵੱਖ-ਵੱਖ ਆਗੂਆਂ ਤੇ ਬੁਲਾਰਿਆਂ ਨੂੰ ਯੋਗ ਸਮਾਂ ਦਿੱਤਾ ਜਾਏਗਾ। ਮੀਟਿੰਗ ਵਿਚ ਸਮੇਂ-ਸਿਰ ਹਾਜ਼ਰ ਹੋਣ ਲਈ ਆਜ਼ਾਦ ਗੋਇਦ, ਭਵੇਸ਼ ਭੱਟ, ਡੌਨ ਪਟੇਲ, ਬਲਜੀਤ ਬਾਵਾ, ਕਰਨ ਅਜਾਇਬ ਸਿੰਘ ਸੰਘਾ, ਕੈਪਟਨ ਇਕਬਾਲ ਸਿੰਘ ਵਿਰਕ, ਜਗੀਰ ਸਿੰਘ ਕਾਹਲੋਂ, ਸੁਖਵਿੰਦਰ ਸਿੰਘ ਚੰਦੀ, ਅਬਦੁਲ ਹਮੀਦ ਹਮੀਦੀ, ਬਸ਼ੱਰਤ ਰੇਹਾਨ ਤੇ ਹੋਰਨਾਂ ਵੱਲੋਂ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਹਰਪ੍ਰੀਤ ਰਮਨ ਬਹਿਲ ਨੂੰ 647-395-2476 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਆਹਲੂਵਾਲੀਆ ਐਸੋਸੀਏਸ਼ਨ ਆਫ਼ ਨੌਰਥ ਅਮਰੀਕਾ ਦੀ ਮੌਜੂਦਾ ਕਾਰਜਕਾਰਨੀ ਕਮੇਟੀ ਨੂੰ ਦੋ ਸਾਲ ਲਈ ਮੁੜ ਚੁਣਿਆ

ਬਰੈਂਪਟਨ, (ਡਾ.ਝੰਡ) -ਮਹਿੰਦਰ ਸਿੰਘ ਵਾਲੀਆ ਤੋਂ ਪ੍ਰਾਪਤ ਸੂਚਨਾ ਅਨੁਸਾਰ ਆਹਲੂਵਾਲੀਆ ਐਸੋਸੀਏਸ਼ਨ ਆਫ਼ ਨਾਰਥ ਅਮੈਰਿਕਾ ਦੀ ਕਾਰਜਕਾਰਨੀ ਕਮੇਟੀ ਨੂੰ ਅਗਲੇ ਦੋ ਸਾਲਾਂ ਲਈ ਮੁੜ ਚੁਣ ਲਿਆ ਗਿਆ ਹੈ। ਇਸ ਸਬੰਧੀ ਐਸੋਸੀਏਸ਼ਨ ਦੀ ਜਨਰਲ ਹਾਊਸ ਦੀ ਮੀਟਿੰਗ ਬੀਤੇ ਦਿਨੀਂ ਸਥਾਨਕ 'ਤੰਦੂਰੀ ਨਾਈਟਸ' ਵਿਖੇ ਮੌਜੂਦਾ ਪ੍ਰਧਾਨ ਟੌਮੀ ਵਾਲੀਆ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੈਂਬਰਾਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ।

ਮੀਟਿੰਗ ਦੇ ਆਰੰਭ ਵਿਚ ਸਾਰੇ ਮੈਂਬਰਾਂ ਨੂੰ ਜੀ-ਆਇਆਂ ਕਿਹਾ ਗਿਆ ਅਤੇ ਪ੍ਰਧਾਨ ਟੌਮੀ ਵਾਲੀਆ ਵੱਲੋਂ ਪਿਛਲੇ ਦੋ ਸਾਲਾਂ ਦੀ ਰਿਪੋਰਟ ਪੇਸ਼ ਕਰਨ ਉਪਰੰਤ ਕਾਰਜਕਾਰਨੀ ਕਮੇਟੀ ਨੂੰ ਭੰਗ ਕਰ ਦਿੱਤਾ ਗਿਆ। ਨਵੀਂ ਕਾਰਜਕਾਰਨੀ ਕਮੇਟੀ ਦੀ ਚੋਣ ਕਰਨ ਲਈ ਮਹਿੰਦਰ ਸਿੰਘ ਵਾਲੀਆ ਨੂੰ ਚੋਣ-ਅਫ਼ਸਰ ਨਿਯੁੱਕਤ ਕੀਤਾ ਗਿਆ। ਮੈਂਬਰਾਂ ਨੇ ਸਰਬ-ਸੰਮਤੀ ਨਾਲ ਟੌਮੀ ਵਾਲੀਆ ਨੂੰ ਮੁੜ ਪ੍ਰਧਾਨ ਚੁਣਿਆਂ ਜਿਨ੍ਹਾਂ ਨੇ ਹੋਰ ਮੈਂਬਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਅਗਲੇ ਦੋ ਸਾਲਾਂ ਦੀ ਟਰਮ ਲਈ ਮਹਿੰਦਰ ਸਿੰਘ ਵਾਲੀਆ ਨੂੰ ਪੈਟਰਨ, ਆਰ.ਪੀ.ਐੱਸ. ਵਾਲੀਆ ਤੇ ਕਿੰਗ ਵਾਲੀਆ ਨੂੰ ਮੀਤ-ਪ੍ਰਧਾਨ, ਵਿਸ਼ ਵਾਲੀਆ ਨੂੰ ਜਨਰਲ ਸਕੱਤਰ, ਜੱਸ ਵਾਲੀਆ ਨੂੰ ਵਿੱਤ ਸਕੱਤਰ ਅਤੇ ਮਨਮੋਹਨ ਸਿੰਘ ਨੂੰ ਪ੍ਰੈੱਸ ਸਕੱਤਰ ਬਨਾਉਣ ਦੀ ਸਿਫ਼ਾਰਿਸ਼ ਕੀਤੀ ਜਿਸ ਨੂੰ ਸਾਰੇ ਮੈਂਬਰਾਂ ਵੱਲੋਂ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ ਗਈ।

ਇਨ੍ਹਾਂ ਤੋਂ ਇਲਾਵਾ ਕਾਰਜਕਾਰਨੀ ਕਮੇਟੀ ਦੇ 15 ਮੈਂਬਰ ਨਿਯੁੱਕਤ ਕੀਤੇ ਗਏ ਜਿਨ੍ਹਾਂ ਵਿਚ ਸਾਬਕਾ ਪ੍ਰਧਾਨ ਅਵਤਾਰ ਸਿੰਘ ਵਾਲੀਆ, ਸ਼੍ਰੀਮਤੀ ਦਵਿੰਦਰ ਕੌਰ, ਬਲਵੰਤ ਸਿੰਘ ਤੇ ਹੋਰ ਸ਼ਾਮਲ ਹਨ। ਮੀਟਿੰਗ ਵਿਚ 12 ਜਨਵਰੀ 2020 ਨੂੰ ਹਮੇਸ਼ਾ ਦੀ ਤਰ੍ਹਾਂ 'ਲੋਹੜੀ ਗਾਲਾ ਨਾਈਟ' ਮਨਾਉਣ ਦਾ ਫ਼ੈਸਲਾ ਕੀਤਾ ਗਿਆ ਅਤੇ ਨਵੀਂ ਟਰਮ ਲਈ ਕਈ ਪ੍ਰੋਗਰਾਮ ਉਲੀਕੇ ਗਏ।

## ਬਰੈਂਪਟਨ ਸਿਟੀ ਹਾਲ ਵਿਖੇ ਹਿੰਦੂ ਹੈਰੀਟੇਜ ਮੰਥ ਨਮਿਤ ਫਲੈਗ ਰੇਜ਼ਿੰਗ ਸਮਾਗਮ







ਪੰਜਾਬੀ ਪੋਸਟ: ਨਵੰਬਰ ਨੂੰ ਹਰ ਸਾਲ ਹਿੰਦੂ ਹੈਰੀਟੇਜ ਮੰਥ ਵਜੋਂ ਮਨਾਏ ਜਾਣ ਦੇ ਸਿਲਸਲੇ ਵਿੱਚ ਬਰੈਂਪਟਨ ਵਿੱਚ ਵੱਖ ਵੱਖ ਥਾਵਾਂ ਉੱਤੇ ਸਮਾਗਮਾਂ ਦਾ ਆਯੋਜਿਤ ਕੀਤਾ ਜਾ ਰਿਹਾ ਹੈ। ਸਮਾਗਮਾਂ ਦੀ ਇਸ ਲੜੀ ਵਜੋਂ ਬੀਤੇ ਦਿਨੀਂ ਬਰੈਂਪਟਨ ਸਿਟੀ ਹਾਲ ਵਿਖੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਰਸਮ ਵਿੱਚ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਸੋਨੀਆ ਸਿੱਧੂ, ਐਮ ਪੀ ਪੀ ਅਮਰਜੋਤ ਸੰਧੂ, ਕਾਊਂਸਲਰ ਡੱਗ ਵ੍ਹਿਲਹਾਂਸ, ਜੈਫ ਬੋਮੈਨ ਅਤੇ ਸ਼ਾਰਮੇਨ ਵਿਲੀਅਮਜ਼ ਸਮੇਤ ਬਰੈਂਪਟਨ ਕਮਿਊਨਿਟੀ ਦੇ ਅਨੇਕਾਂ ਪਤਵੰਤਿਆਂ ਨੇ ਹਾਜ਼ਰੀ ਭਰੀ।

ਇਸ ਸਮਾਗਮ ਦੇ ਸਫ਼ਲਤਾ ਨਾਲ ਨੇਪਰੇ ਚਾੜਨ ਵਿੱਚ ਕੈਨੇਡੀਅਨ ਹਿੰਦੂ ਐਸੋਸੀਏਸ਼ਨ, ਵਰਲਡ ਬ੍ਰਾਹਮਣ ਫੈਡਰੇਸ਼ਨ ਆਫ ਕੈਨੇਡਾ, ਅਖੰਡ ਭਾਰਤੀ ਕਲੱਬ, ਹਿੰਦੂ ਸਭਾ ਮੰਦਰ, ਨਿਊ ਹੋਪ ਸੀਨੀਅਰਜ਼ ਕੱਲਬ, ਅੱਗਰਵਾਲ ਸਭਾ ਕੈਨੇਡਾ, ਨਿਊ ਬਰੈਂਪਟਨ, ਮਾਈ ਇੰਡੀਅਨਜ਼ ਇਨ ਕੈਨੇਡਾ ਐਸੋਸੀਏਸ਼ਨ, ਸਾਊਥ ਏਸ਼ੀਅਨਜ਼ ਇਨ ਕੈਨੇਡਾ, ਬਰੈਂਪਟਨ ਫਸਟ ਫਾਊਂਡੇਸ਼ਨ ਨੇ ਜ਼ਿਕਰਯੋਗ ਯੋਗਦਾਨ ਪਾਇਆ।

ਪਤਾ ਲੱਗਾ ਹੈ ਕਿ ਹਿੰਦੂ ਹੈਰੀਟੇਜ ਮਹੀਨੇ ਦੇ ਸੰਦਰਭ ਵਿੱਚ ਹਿੰਦੂ ਸਭਾ ਮੰਦਰ, ਹਨੂਮਾਨ ਮੰਦਰ, ਗੌਰੀ ਸ਼ੰਕਰ ਮੰਦਰ ਅਤੇ ਹਿੰਦੂ ਹੈਰੀਟੇਜ ਸੈਂਟਰ ਵਿਖੇ ਵੀ ਸਮਾਗਮ ਆਯੋਜਿਤ ਕੀਤੇ ਗਏ ਹਨ। ਇਹਨਾਂ ਸਾਰੇ ਸਮਾਗਮਾਂ ਨੂੰ ਸੂਤਰਬੱਧ ਕਰਨ ਹਿੰਦੂ ਹੈਰੀਟੇਜ ਸੈਲੀਬਰੇਸ਼ਨ ਫਾਉਂਡੇਸ਼ਨ ਦੇ ਕਾਰ-ਜਕਰਤਾ ਬੀਤੇ ਲੰਬੇ ਸਮੇਂ ਤੋਂ ਸਖ਼ਤ ਮਿਹਨਤ ਕਰਦੇ ਆ ਰਹੇ ਹਨ ਜਿਹਨਾਂ ਵਿੱਚ ਦੇਵ ਕਪਿਲ, ਪੀਯੂਸ਼ ਗੁਪਤਾ, ਨਿੱਕ ਮੈਂਗੀ, ਵੀਰੇਂਦਰ ਰਾਠੀ, ਰਾਕੇਸ਼ ਜੋਸ਼ੀ, ਮਨਨ ਗੁਪਤਾ, ਮਦੂਸੂਦਨ ਲਾਮਾ, ਅਨਿਲ ਸ਼ਰਮਾ, ਮਧੂ ਸ਼ਰਮਾ ਅਤੇ ਅਮਿਤ ਭੱਟੀ ਦਾ ਵਿਸ਼ੇਸ਼ ਰੋਲ ਰਿਹਾ ਹੈ।

## 550ਵੇਂ ਪ੍ਰਕਾਸ਼-ਪੁਰਬ ਨਾਲ ਸਬੰਧਿਤ ਹਰਜੀਤ ਬਾਜਵਾ ਦਾ ਧਾਰਮਿਕ ਗੀਤ ਰਿਲੀਜ਼



ਬਰੈਂਪਟਨ, (ਡਾ. ਝੰਡ) -ਸ੍ਰੀ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਉਤਸਵ ਨਾਲ ਸਬੰਧਿਤ ਪੱਤਰਕਾਰ ਅਤੇ ਗੀਤਕਾਰ ਹਰਜੀਤ ਬਾਜਵਾ ਦਾ ਲਿਖਿਆ ਹੋਇਆ ਧਾਰਮਿਕ-ਗੀਤ "ਲੋੜ ਪੈ ਗਈ ਤੇਰੀ ਫਿਰ ਬਾਬਾ ਨਾਨਕਾ, ਇਕ ਫੇਰਾ ਪਾ ਜਾ ਆਣ ਕੇ" ਉੱਘੇ-ਸੰਗੀਤਕਾਰ ਤੇ ਉਸਤਾਦ ਗਾਇਕ ਰਜਿੰਦਰ ਸਿੰਘ ਰਾਜ ਤੇ ਉਨ੍ਹਾਂ ਦੇ ਸਾਥੀ ਮਨਜਿੰਦਰ ਸਿੰਘ ਰਤਨ ਦੀ ਸੰਗੀਤ-ਨਿਰਦੇਸ਼ਨਾ ਹੇਠ ਗੁਰਨਾਮ ਸਿੰਘ ਹੀਰਾ ਦੀ ਆਵਾਜ਼ ਵਿਚ ਰਿਕ-ਾਰਡ ਹੋਇਆ ਹੈ ਅਤੇ ਜੋ ਅੱਜਕੱਲ੍ਹ ਸਾਹਿਤਕ ਤੇ ਸੰਗੀਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਹੈ, ਦੇ ਪੋਸਟਰ ਨੂੰ ਅਦੀਬਾਂ, ਸੰਗੀਤ-ਪ੍ਰੇਮੀਆਂ ਤੇ ਪਤਵੰਤੇ ਸੱਜਣਾਂ ਦੀ ਭਰਵੀਂ ਹਾਜ਼ਰੀ ਵਿਚ 'ਹੋਮਲਾਈਫ਼ ਸਿਲਵਰਸਿਟੀ ਰਿਅਲਟੀ ਇੰਕ' ਦੇ ਮੇਅਫ਼ੀਲਡ/ਬਰੈਮਲੀ ਸਥਿਤ ਹੈੱਡ-ਆਫ਼ਿਸ ਵਿਚ ਐਤਵਾਰ 24 ਨਵੰਬਰ ਨੂੰ ਹਾਰਪ ਗਰੇਵਾਲ ਦੇ ਸਹਿਯੋਗ ਨਾਲ ਲੋਕ-ਅਰਪਿਤ ਕੀਤਾ ਗਿਆ।

ਇਸ ਮੌਕੇ ਗੱਲ ਕਰਦਿਆਂ ਸੀਨੀਅਰ ਪੱਤਰਕਾਰ ਸਤਪਾਲ ਜੌਹਲ ਨੇ ਕਿਹਾ ਕਿ ਪੱਤਰਕਾਰੀ ਨਾਲ ਜੁੜੇ ਹੋਏ ਹਰਜੀਤ ਬਾਜਵਾ ਨੂੰ ਗੀਤ ਅਤੇ ਕਵਿਤਾਵਾਂ ਲਿਖਣ ਦਾ ਵੀ ਕਾਫ਼ੀ ਸ਼ੌਕ ਹੈ ਅਤੇ ਉਹ ਗਾਹੇ-ਬਗਾਹੇ ਆਪਣਾ ਇਹ ਸ਼ੌਕ ਪੂਰਾ ਕਰਦਾ ਰਹਿੰਦਾ ਹੈ। ਉਸ ਦੇ ਗੀਤਾਂ ਦੀ ਨੁਹਾਰ ਆਮ ਗੀਤਕਾਰਾਂ ਦੇ ਗੀਤਾਂ ਨਾਲੋਂ ਵੱਖਰੀ ਹੈ ਅਤੇ ਉਹ ਇਸ ਨੂੰ ਬਰਕਰਾਰ ਰੱਖਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਇਸ ਧਾਰਮਿਕ-ਗੀਤ ਵਿਚ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੇ 550'ਵੇਂ ਪ੍ਰਕਾਸ਼-ਪੁਰਬ ਮੌਕੇ ਆਪਣੇ ਵੱਲੋਂ ਭਰਪੂਰ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ ਜਿਸ ਨੂੰ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਤੋਂ ਇਲਾਵਾ 'ਹੋਮਲਾਈਫ਼ ਸਿਲਵਰਸਿਟੀ ਰਿਅਲਟੀ ਇੰਕ.' ਦੇ ਮੁਖੀ ਅਜੀਤ ਸਿੰਘ ਗਰਚਾ, ਸੀਨੀਅਰ ਬਰੋਕਰ ਹਾਰਪ ਗਰੇਵਾਲ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਤੋਂ ਤਲਵਿੰਦਰ ਮੰਡ ਨੇ ਵੀ ਹਰਜੀਤ ਬਾਜਵਾ ਦੇ ਲਿਖੇ ਗੀਤਾਂ ਤੇ ਕਵਿਤਾਵਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਉਸ ਨੂੰ ਹਾਰਦਿਕ ਮੁਬਾਰਕਬਾਦ ਦਿੱਤੀ। ਇਸ ਮੌਕੇ ਗੁਰਨੂਰ ਮੰਗਲ ਅਤੇ ਹੈਰੀ ਸੰਧੂ ਦੇ ਧਾਰਮਿਕ ਗੀਤਾਂ ਦੇ ਪੋਸਟਰ ਵੀ ਰੀਲੀਜ਼ ਕੀਤੇ ਗਏ।

ਇਸ ਸ਼ੁਭ ਮੌਕੇ ਸੰਗੀਤਕਾਰ ਤੇ ਉਸਤਾਦ-ਗਾਇਕ ਰਜਿੰਦਰ ਸਿੰਘ ਰਾਜ, ਅਕਾਲੀ ਆਗੂ ਬੇਅੰਤ ਸਿੰਘ ਧਾਲੀਵਾਲ, ਬਚਿੱਤਰ ਸਿੰਘ ਘੋਲੀਆ, ਦਲਜੀਤ ਸਿੰਘ ਗੈਦੂ, ਬਲਜੀਤ ਸਿੰਘ ਗਰਚਾ, ਪਰਮਜੀਤ ਸਿੰਘ ਢਿੱਲੋਂ, ਸੁਖਦੇਵ ਸਿੰਘ ਝੰਡ, ਲੋਕ-ਗਾਇਕ ਵਿਨੋਦ ਹਰਪਾਲਪੁਰੀ, ਰਿੰਟੂ ਭਾਟੀਆ, ਪਰਮਜੀਤ ਦਿਓਲ, ਇੰਦਰਪ੍ਰੀਤ ਕੌਰ ਪ੍ਰੀਤੀ, ਸੋਨੀਆ ਸ਼ਰਮਾ, ਗੁਰਤੇਜ ਔਲਖ, ਸ਼ਰਨ ਔਲਖ, ਕੋਮਲਦੀਪ (ਕੇ.ਡੀ.) ਸ਼ਾਰਦਾ, ਗੁਰਦੀਪ ਸਿੰਘ ਸੇਖੋਂ, ਜੋਅ ਸੰਘੇੜਾ, ਬਿਕਰਮਜੀਤ ਰੱਖੜਾ, ਪਰਮਜੀਤ ਸਿੰਘ ਗਿੱਲ, ਅਮਰਜੀਤ ਕੌਰ ਦਾਖਾ, ਪ੍ਰਸਿੱਧ ਗਾਇਕ ਤੇ ਸੰਗੀਤਕਾਰ ਹੈਰੀ ਸੰਧੂ ਜਿਸ ਨੇ ਇਸ ਗੀਤ ਦੀ ਪ੍ਰੋਡਕਸ਼ਨ ਅਤੇ ਸੰਗੀਤ ਦਾ ਕੰਮ ਕੀਤਾ ਹੈ, ਸਤਿੰਦਰ ਚਾਹਲ, ਮੰਨਨ ਗੁਪਤਾ, ਅਮਰਿੰਦਰ ਸਿੰਘ, ਰੋਹਿਤ, ਕਨਵਰ ਬਰਾੜ, ਸੁਰਜੀਤ ਮਾਂਗਟ, ਰਾਜਵਿੰਦਰ ਕੂਨਰ, ਕੰਵਰ ਬਰਾੜ, ਮਿੰਦਰੀ ਸੰਧੂ, ਅਸ਼ੋਕ ਸੈਣੀ, ਗੁਰਪ੍ਰੀਤ ਸਿੰਘ ਢੇਸੀ, ਜਸਵਿੰਦਰ ਮੁਕੇਰੀਆਂ, ਨਿਰਮਲ ਰੰਧਾਵਾ ਅਤੇ ਹੋਰ ਕਈਆਂ ਨੇ ਹਾਜ਼ਰ ਹੋ ਕੇ ਹਰਜੀਤ ਬਾਜਵਾ ਨੂੰ ਸ਼ੁਭ-ਇੱਛਾਵਾਂ ਦਿੱਤੀਆਂ ਅਤੇ ਸਮਾਗ਼ਮ ਨੂੰ ਚਾਰ ਚੰਨ ਲਾਏ। ਹਰਜੀਤ ਬਾਜਵਾ ਨੇਂ ਸਮਾਗ਼ਮ ਵਿਚੇ ਪਹੁੰਚੇ ਸਾਰੇ ਪਤਵੰਤੇ ਸੱਜਣਾਂ ਦਾ ਹਾਰਦਿਕ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਹੋਰ ਚੰਗਾ ਲਿਖਣ ਦੀ ਪ੍ਰੇਰਨਾ ਅਤੇ ਬਲ ਮਿਲਿਆ ਹੈ। ਇਸ ਮੌਕੇ ਸਾਰਿਆਂ ਨੇ ਮਿਲ ਕੇ ਸ਼ਾਨਦਾਰ ਚਾਹ-ਪਾਣੀ ਦਾ ਲੁਤਫ਼ ਲਿਆ।


ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers


• ਕਾਲ ਕਰੋ: 416-357-4082 •


## ਆਮ ਆਦਮੀ ਪਾਰਟੀ ਲੁਧਿਆਣਾ ਇਕਾਈ ਨੇ ਮਨਾਇਆ ਸਥਾਪਨਾ ਦਿਵਸ



ਲੁਧਿਆਂਣਾ, 26 ਨਵੰਬਰ (ਗਿਆਨ ਸਿੰਘ): -ਆਮ ਆਦਮੀ ਪਾਰਟੀ ਜਿਲ੍ਹਾ ਇਕਾਈ ਨੇ ਅਬਜਰਵਰ ਹਰਜੀਤ ਸਿੰਘ ਬੰਟੀ ਅਤੇ ਹਲਕਾ ਇੰਚਾਰਜ ਆਤਮ ਨਗਰ ਰਵਿੰਦਰਪਾਲ ਸਿੰਘ ਪਾਲੀ ਦੀ ਅਗਵਾਈ ਵਿੱਚ ਅੱਜ ਇੱਥੇ ਪਾਰਟੀ ਦਾ 8ਵਾਂ ਸਥਾਪਨਾ ਦਿਵਸ ਮਨਾਇਆ ਗਿਆ । ਹਲਕਾ ਇੰਚਾਰਜ ਆਤਮ ਨਗਰ ਰਵਿੰਦਰਪਾਲ ਸਿੰਘ ਪਾਲੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਅੱਜ ਵੀ ਜਨਤਾ ਦੇ ਹਿੱਤਾਂ ਲਈ ਪੰਜਾਬ ਸਮੇਤ ਦੇਸ਼ ਭਰ ਵਿਚ ਸੰਘਰਸ਼ੀਲ ਹੈ । ਉਹਨਾਂ ਕਿਹਾ ਕਿ ਪਾਰਟੀ ਦੇ ਰਾਸ਼ਟਰੀਯ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨੀਤੀਆਂ ਦਾ ਜ਼ੋਰਦਾਰ ਸਮਰਥਨ ਕਰਦੀ ਹੈ ਅਤੇ ਉਹਨਾਂ ਦੇ ਨਾਲ ਡੱਟ ਕੇ ਖੜੀ ਹੈ । ਇਸ ਮੌਕੇ ਤੇ ਮਾਸਟਸਰ ਹਰੀ ਸਿੰਘ ਜਨਰਲ ਸਕੱਤਰ, ਕੁਲਦੀਪ ਸਿੰਘ ਫੌਜੀ ਪ੍ਰਧਾਨ ਐਸ.ਸੀ. ਵਿੰਗ ਲੁਧਿਆਣਾ, ਬਲਦੇਵ ਸਿੰਘ ਜਨਰਲ ਸਕੱਤਰ, ਹਲਕਾ ਇੰਚਾਰਜ ਰਜਿੰਦਰ ਕੌਰ ਦੱਖਣੀ, ਚੰਦਰ ਬੱਤਰਾ, ਸਰਬਜੀਤ ਸਿੰਘ, ਵਿਜੈ ਮੋਰਿਯਾ, ਰਾਜਨ, ਉਦੈ ਭਾਨ, ਪਰਮਿੰਦਰ ਸਿੰਘ, ਗੋਬਿੰਦ ਬਾਂਸਲ, ਹਰਜਿੰਦਰ ਸਿੰਘ, ਅਸ਼ਵਨੀ ਕੁਮਾਰ, ਗੁਰਮੀਤ ਸਿੰਘ ਆਦਿ ਹਾਜ਼ਰ ਸਨ ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੌਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



# ਸੰਪਾਦਕੀ

## ਪੀਲ ਰੀਜਨ ਵਿੱਚ ਗਰੀਬੀ ਅਤੇ ਯੂਥ ਬੇਰੁਜ਼ਗਾਰੀ ਦਾ ਮੰਦਾ ਹਾਲ

ਕਿਹਾ ਜਾਂਦਾ ਹੈ ਕਿ ਜੇ ਕਿਸੇ ਕਮਿਊਨਿਟੀ ਦੇ ਭੱਵਿਖ ਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਵੇਖਣਾ ਚਾਹੀਦਾ ਹੈ ਕਿ ਉਸ ਕਮਿਊਨਿਟੀ ਦਾ ਯੂਥ ਭਾਵ ਨੌਜਵਾਨੀ ਦੀ ਮੌਜੂਦਾ ਸਥਿਤੀ ਕਿਹੋ ਜਿਹੀ ਹੈ। ਇਸ ਪਰੀਪੇਖ ਤੋਂ ਵੇਖਿਆਂ ਜੋ ਅੰਕੜੇ ਪੀਲ ਰੀਜਨ ਬਾਰੇ ਤਿਆਰ ਕੀਤੀ ਗਈ ਰਿਪੋਰਟ ਤੋਂ ਮਿਲਦੇ ਹਨ, ਉਹ ਇਸ ਖਿੱਤੇ ਵਿੱਚ ਪੈਦਾ ਹੋ ਚੁੱਕੀ ਸੰਕਟਮਈ ਸਥਿਤੀ ਦਾ ਨੰਗਾ ਚਿੱਟਾ ਸਬੂਤ ਹਨ। ਰੀਜਨ ਆਫ਼ ਪੀਲ ਅਤੇ ਯੂਨਾਈਟਡ ਵੇਅ ਆਫ ਗਰੇਟਰ ਟੋਰਾਂਟੋ ਦੀ ਸਰਪ੍ਰਸਤੀ ਵਿੱਚ Peel Poverty Reduction Committee ਵੱਲੋਂ ਤਿਆਰ ਕੀਤੀ ਗਈ '2018 ਤੋਂ 2018 ਤੱਕ ਲਈ ਪੀਲ ਰੀਜਨ ਵਿੱਚ ਗਰੀਬੀ ਘੱਟ ਕਰਨ ਦੀ ਰਣਨੀਤੀ: ਕਮਿਊਨਿਟੀ ਐਕਸ਼ਨ ਪਲਾਨ' ਦੇ ਸਿਰਲੇਖ ਵਿੱਚ ਕਿਹਾ ਗਿਆ ਹੈ ਕਿ ਪੀਲ ਵਿੱਚੋਂ ਗਰੀਬੀ ਭਜਾਉਣ ਵਾਸਤੇ ਸਾਨੂੰ ਕਮਿਊਨਿਟੀ ਵਜੋਂ ਇੱਕ ਜੁੱਟ ਹੋ ਕੇ ਕੰਮ ਕਰਨਾ ਲਾਜ਼ਮੀ ਹੈ। ਰਿਪੋਰਟ ਮੁਤਾਬਕ ਇੱਥੇ ਪਾਈ ਜਾਂਦੀ ਗਰੀਬੀ ਅਤੇ ਬੇ-ਬਰਾਬਰੀ ਸਮੂਹ ਕਮਿਊਨਿਟੀ ਦਾ ਨੁਕਸਾਨ ਕਰ ਰਹੀ ਹੈ।

ਇਸਤੋਂ ਪਹਿਲਾਂ ਕਿ ਅਸੀਂ ਰਿਪੋਰਟ ਵਿੱਚ ਮਿਲਦੇ ਅੰਕੜਿਆਂ ਬਾਰੇ ਗੱਲ ਕਰੀਏ, ਇਹ ਵੇਖਣਾ ਮਹੱਤਵਪੂਰਣ ਹੈ ਕਿ ਗਰੀਬੀ ਤੋਂ ਕੀ ਅਰਥ ਲਿਆ ਜਾਂਦਾ ਹੈ। ਗਰੀਬੀ ਤੋਂ ਭਾਵ ਮਹਿਜ਼ ਆਮਦਨ ਘੱਟ ਹੋਣਾ ਨਹੀਂ ਸਗੋਂ ਇਸ ਨੂੰ ਬਿਆਨਣ ਵਿੱਚ ਆਮਦਨ ਦਾ ਯਕੀਨੀ ਬਣਨਾ (Income security,), afrQk avsr (Economic opportunity) ਅਤੇ ਸਲਾਮਤੀ/ਸਮਾਜਕ ਸ਼ਮੂਲੀਅਤ (Well-being and Social Inclusion) ਤਿੰਨ ਅਹਿਮ ਨੁਕਤੇ ਹਨ।

ਕੈਨੇਡਾ ਦੇ ਅੰਕੜਾ ਵਿਭਾਗ ਮੁਤਾਬਕ 14 ਲੱਖ ਵਸੋਂ ਵਾਲੇ ਪੀਲ ਰੀਜਨ ਵਿੱਚ ਪੌਣੇ ਦੋ ਲੱਖ ਲੋਕ ਗਰੀਬੀ ਹੰਢਾ ਰਹੇ ਹਨ। ਇੱਥੇ ਵੱਸਦੇ 18% ਬੱਚੇ ਗਰੀਬੀ ਦੇ ਹਾਲਾਤਾਂ ਵਿੱਚ ਬਚਪਨ ਗੁਜ਼ਾਰ ਰਹੇ ਹਨ ਅਤੇ ਪੀਲ ਰੀਜਨ ਦੇ 52% ਹਿੱਸੇ ਉਹ ਹਨ ਜਿਹਨਾਂ ਨੂੰ ਘੱਟ ਆਮਦਨ ਵਾਲੇ ਮੰਨਿਆ ਜਾਂਦਾ ਹੈ ਅਤੇ 1980 ਵਿੱਚ ਇਹ ਦਰ ਸਿਰਫ਼ 2% ਸੀ। ਜੇ ਉਂਟੇਰੀਓ ਵਿੱਚ ਯੂਥ ਬੇਰੁਜ਼ਗਾਰੀ ਦੀ ਦਰ 12.2% ਪਾਈ ਜਾਂਦੀ ਹੈ ਤਾਂ ਪੀਲ ਰੀਜਨ ਵਿੱਚ ਇਹ ਦਰ 19.7% ਹੈ। ਜੇ ਨਵੇਂ ਪਰਵਾਸੀਆਂ, ਰੰਗਦਾਰ ਨਸਲ ਨਾਲ ਸਬੰਧਿਤ ਯੂਥ (ਸਾਊਥ ਏਸ਼ੀਅਨ, ਬਲੈਕ, ਚੀਨੀ ਆਦਿ) ਵਿੱਚ ਬੇਰੁਜ਼ਗਾਰੀ ਦਾ ਅੰਦਾਜ਼ਾ ਲਾਇਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਦਰ 30% ਦੇ ਕਰੀਬ ਹੋਵੇਗੀ। ਵਰਨਣਯੋਗ ਹੈ ਕਿ ਪੀਲ ਰੀਜਨ ਵਿੱਚ ਰੁਜ਼ਗਾਰਸ਼ੁਦਾ ਲੋਕਾਂ ਵਿੱਚੋਂ 48% ਉਹ ਹਨ ਜਿਹੜੇ ਪਾਰਟ-ਟਾਈਮ ਨੌਕਰੀਆਂ ਕਰਦੇ ਹਨ। ਗਰੀਬੀ ਹੰਢਾ ਰਹੇ ਜਿਹਨਾਂ ਲੋਕਾਂ ਕੋਲ ਮਕਾਨ ਹਨ, ਉਹਨਾਂ ਵਿੱਚੋਂ 70% ਦੀ ਸਥਿਤੀ ਅਜਿਹੀ ਹੈ ਕਿ ਉਹ ਮਕਾਨ ਨੂੰ ਬਰਕਰਾਰ ਰੱਖਣ ਤੋਂ ਅਸਮਰੱਥ ਹੋਣ ਦੇ ਕੰਢੇ ਪੁੱਜੇ ਹੋਏ ਹਨ।

ਵੱਖ 2 ਰਿਪੋਰਟਾਂ ਦਾ ਮੁਤਾਲਿਆ ਕਰਨ ਤੋਂ ਬਾਅਦ ਇੱਕ ਗੱਲ ਸਪੱਸ਼ਟ ਹੈ ਕਿ ਯੂਥ ਬੇਰੁਜ਼ਗਾਰੀ ਦਾ ਇੱਕਲਾ ਮੁੱਦਾ ਹੀ ਸਾਡੀ ਸਮੁੱਚੀ ਆਰਥਕਤਾ ਨੂੰ ਢੇਰੀ ਕਰਨ ਲਈ ਕਾਫੀ ਹੋਵੇਗਾ। ਜੇ ਯੂਥ ਕੋਲ ਚੰਗੀਆਂ ਜੌਬਾਂ ਨਾ ਹੋਣ ਤਾਂ ਉਹਨਾਂ ਕੋਲ ਮਕਾਨ ਖਰੀਦਣ ਦੀ ਸਮਰੱਥਾ ਨਹੀਂ ਬਣਦੀ ਜਿਸ ਕਰਕੇ ਉਹਨਾਂ ਨੂੰ ਮਜਬੂਰਨ ਕਿਰਾਏ ਉੱਤੇ ਰਹਿਣਾ ਪੈਂਦਾ ਹੈ। ਸਹੀ ਰੁਜ਼ਗਾਰ ਨਾ ਹੋਣਾ ਅਤੇ ਕਿਰਾਏ ਉੱਤੇ ਰਹਿਣ ਦੀ ਮਜਬੂਰੀ ਇੱਕ ਅਜਿਹਾ ਨਾ ਟੁੱਟਣ ਵਾਲਾ ਚੱਕਰ ਹੈ ਕਿ ਯੂਥ ਲੰਬਾ ਸਮਾਂ ਗਰੀਬੀ ਦੀ ਸਥਿਤੀ ਵਿੱਚੋਂ ਬਾਹਰ ਨਹੀਂ ਨਿਕਲ ਸਦਕੇ। ਰਾਇਰਸਨ ਯੂਨੀਵਰਸਟੀ ਦੇ ਸੈਂਟਰ ਫਾਰ ਅਰਬਨ ਰੀਸਰਚ ਅਤੇ ਲੈਂਡ ਡੀਵੈਲਪਮੈਂਟ ਵਿਭਾਗ ਵੱਲੋਂ ਉਂਟੇਰੀਓ ਰੀਅਲ ਐਸਟੇਟ ਐਸੋਸੀਏਸ਼ਨ ਨਾਲ ਮਿਲ ਕੇ ਤਿਆਰ ਕੀਤੀ ਰਿਪੋਰਟ Millennials in the Greater Toronto and Hamilton Area: A generation Stuck in Apartments ਅੱਖਾਂ ਖੋਲਣ ਦਾ ਕੰਮ ਕਰਦੀ ਹੈ। ਰਿਪੋਰਟ ਮੁਤਾਬਕ ਹੈਮਿਲਟਨ ਸਮੇਤ ਜੀ ਟੀ ਏ ਵਿੱਚ 10 ਲੱਖ 25 ਤੋਂ 29 ਸਾਲ ਉਮਰ ਦੇ ਨੌਜਵਾਨ ਹਨ ਜੋ ਸਹੀ ਆਮਦਨ ਨਾ ਹੋਣ ਕਰਕੇ ਆਪਣੇ ਮਾਪਿਆਂ ਨਾਲ ਰਹਿਣ ਲਈ ਮਜ਼ਬੂਰ ਹਨ। ਸਿੱਟੇ ਵਜੋਂ ਅਗਲੇ ਇੱਕ ਦਹਾਕੇ ਵਿੱਚ 7 ਲੱਖ ਦੇ ਕਰੀਬ ਨੌਜਵਾਨ ਲੜਕੇ ਲੜਕੀਆਂ ਹੋਣਗੇ ਜਿਹੜੇ ਮਕਾਨ ਲੈਣ ਦੀ ਕੋਸ਼ਿਸ਼ ਕਰ ਰਹੇ ਹੋਣਗੇ। ਇਸਦਾ ਅਰਥ ਹੈ ਕਿ ਇਹਨਾਂ ਨੌਜਵਾਨਾਂ ਨੂੰ ਅਗਲੇ ਦਹਾਕੇ ਵਿੱਚ ਘੱਟੋ ਘੱਟ 5 ਲੱਖ ਮਕਾਨਾਂ ਦੀ ਲੋੜ ਹੋਵੇਗੀ।

ਜੇ ਗੱਲ ਰਿਪੋਰਟਾਂ ਤਿਆਰ ਨਾਲ ਬਣਦੀ ਹੋਵੇ ਤਾਂ ਮਸਲਾ ਕਦੋਂ ਦਾ ਹੱਲ ਗਿਆ ਹੁੰਦਾ ਕਿਉਂਕਿ ਵੱਖੋ ਵੱਖਰੇ ਸ੍ਰੋਤਾਂ ਵੱਲੋਂ ਇੱਕ ਤੋਂ ਬਾਅਦ ਇੱਕ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ। ਪੀਲ ਰੀਜਨ ਦੀ ਸਮੱਸਿਆ ਹੈ ਕਿ ਇੱਥੇ ਵੱਸਦੀਆਂ ਐਥਨਿਕ ਕਮਿਊਨਿਟੀਆਂ ਕੋਲ ਆਪਣੇ ਮੁੱਦੇ ਚੁੱਕਣ ਲਈ ਸਹੀ ਪਲੇਟਫਾਰਮ ਅਤੇ ਸਹੀ ਲੀਡਰਸ਼ਿੱਪ ਨਹੀਂ ਹੈ। ਮਿਸਾਲ ਵਜੋਂ ਇਹ ਮੰਨਿਆ ਹੋਇਆ ਤੱਥ ਹੈ ਕਿ ਪੀਲ ਵਿੱਚ ਸਾਊਥ ਏਸ਼ੀਅਨ ਅਤੇ ਬਲੈਕ ਕਮਿਊਨਿਟੀਆਂ ਸੱਭ ਤੋਂ ਘੱਟ ਆਮਦਨ ਦਾ ਸ਼ਿਕਾਰ ਹਨ ਪਰ ਇਹਨਾਂ ਕਮਿਊਨਿਟੀਆਂ ਨੂੰ ਧਿਆਨ ਵਿੱਚ ਰੱਖ ਕੇ ਕੋਈ ਵਿਸੇਸ਼ ਪ੍ਰੋਗਰਾਮ ਲਾਗੂ ਕਰਨ ਵਾਲੀ ਹਿੱਲਜੁਲ ਹੁੰਦੀ ਵਿਖਾਈ ਨਹੀਂ ਦੇਂਦੀ। ਇਸਦਾ ਜਵਾਬ ਰੀਜਨ ਆਫ ਪੀਲ ਦੇ ਸੀਨੀਅਰ ਅਧਿਕਾਰੀਆਂ ਤੋਂ ਲੈ ਕੇ ਪ੍ਰੋਵਿੰਸ਼ੀਅਲ ਅਤੇ ਫੈਡਰਲ ਨੇਤਾਵਾਂ ਕੋਲ ਲੱਭਿਆਂ ਵੀ ਨਹੀਂ ਮਿਲਦਾ ਸਿਵਾਏ ਰਿਪੋਰਟਾਂ ਤੋਂ।

## ਸੀਐਨ, ਟੀਮਸਟਰਜ਼ ਦਰਮਿਆਨ ਸਮਝੌਤਾ ਸਿਰੇ ਚੜ੍ਹਿਆ, ਹੜਤਾਲ ਖ਼ਤਮ

...ਪੰਨਾ 1 ਦਾ ਬਾਕੀ

ਇਸ ਹੜਤਾਲ ਦੇ ਚੱਲਦਿਆਂ ਫੈਡਰਲ ਸਰਕਾਰ ਉੱਤੇ ਮਸਲੇ ਨੂੰ ਹੱਲ ਕਰਵਾਉਣ ਲਈ ਕਾਫੀ ਦਬਾਅ ਵੱਧ ਗਿਆ ਸੀ। ਪ੍ਰੀਮੀਅਰਜ਼ ਤੇ ਇੰਡਸਟਰੀ ਵੱਲੋਂ ਵੀ ਖੁੱਸ ਰਹੇ ਮੁਨਾਫੇ ਤੇ ਕਿਊਬਿਕ ਵਿੱਚ ਪ੍ਰੋਪੇਨ ਦੀ ਕਿੱਲਤ ਕਾਰਨ ਜਲਦ ਤੋਂ ਜਲਦ ਹੜਤਾਲ ਖ਼ਤਮ ਕਰਵਾਉਣ ਲਈ ਸਰਕਾਰ ਉੱਤੇ ਦਬਾਅ ਪਾਇਆ ਜਾ ਰਿਹਾ ਸੀ। ਜ਼ਿਕਰਯੋਗ ਹੈ ਕਿ ਸੀਐਨ ਦੇ ਦੇਸ਼ ਭਰ ਵਿੱਚ 3200 ਕੰਡਕਟਰਜ਼, ਟਰੇਲਪਰਸਨਜ਼ ਤੇ ਯਾਰਡ ਵਰਕਰਜ਼ 23 ਜੁਲਾਈ ਤੋਂ ਕੋਈ ਕਾਂਟਰੈਕਟ ਨਾ ਹੋਣ ਕਾਰਨ 19 ਨਵੰਬਰ ਤੋਂ ਹੜਤਾਲ ਉੱਤੇ ਚਲੇ ਗਏ ਸਨ। ਕਾਮਿਆਂ ਵੱਲੋਂ ਕੰਮ ਦੇ ਲੰਮੇਂ ਘੰਟਿਆਂ, ਥਕਾਵਟ ਤੇ ਕੰਮ ਕਰਨ ਦੇ ਖਤਰਨਾਕ ਹਾਲਾਤ ਉੱਤੇ ਚਿੰਤਾ ਪ੍ਰਗਟਾਈ ਗਈ ਸੀ। ਇਸ ਮੌਕੇ ਸਮਝੌਤਾ ਸਿਰੇ ਚੜ੍ਹਾਉਣ ਲਈ ਗੱਲਬਾਤ ਜਾਰੀ ਰੱਖਣ ਵਾਸਤੇ ਲੇਬਰ ਮੰਤਰੀ ਫਿਲੋਮੈਨਾ ਤਾਸੀ ਤੇ ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੇ ਦੋਵਾਂ ਧਿਰਾਂ ਨੂੰ ਵਧਾਈ ਦਿੱਤੀ।

## ਸਾਂਝਾ ਆਧਾਰ ਤਲਾਸ਼ਣ ਲਈ ਕੇਨੀ ਤੇ ਫਰੀਲੈਂਡ ਨੇ ਕੀਤੀ ਮੁਲਾਕਾਤ

...ਪੰਨਾ 1 ਦਾ ਬਾਕੀ



ਉਨ੍ਹਾਂ ਆਖਿਆ ਕਿ ਉਹ ਅਲਬਰਟਾ ਵਿੱਚ ਸਾਰਿਆਂ ਦੀਆਂ ਗੱਲਾਂ ਸੁਣਨ ਆਈ ਤਾਂ ਕਿ ਰਲ ਕੇ ਮਸਲਿਆਂ ਦਾ ਹੱਲ ਲੱਭਣ ਲਈ ਆਏ ਹਨ। ਮੰਗਲਵਾਰ ਨੂੰ ਉਹ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ ਨਾਲ ਵੀ ਮੁਲਾਕਾਤ ਕਰਨਗੇ।

ਜ਼ਿਕਰਯੋਗ ਹੈ ਕਿ ਅਲਬਰਟਾ ਤੇ ਸਸਕੈਚਵਨ ਵਾਸੀਆਂ ਨੇ ਅਕਤੂਬਰ ਵਿੱਚ ਹੋਈਆਂ ਫੈਡਰਲ ਚੋਣਾਂ ਵਿੱਚ ਲਿਬਰਲਾਂ ਨੂੰ ਮੂੰਹ ਨਹੀਂ ਸੀ ਲਾਇਆ। ਇਸ ਤੋਂ ਇਲਾਵਾ ਐਨਰਜੀ ਤੇ ਵਾਤਾਵਰਣ ਵਰਗੇ ਮੁੱਦਿਆਂ ਉੱਤੇ ਵੀ ਟਰੂਡੋ ਸਰਕਾਰ ਨਾਲ ਸਥਾਨਕ ਵਾਸੀਆਂ ਦੀ ਰਾਇ ਨਹੀਂ ਰਲਦੀ। ਕੇਨੀ ਵੱਲੋਂ ਟਰੂਡੋ ਸਰਕਾਰ ਦੀ ਇਹ ਆਖਦਿਆਂ ਹੋਇਆਂ ਨੁਕਤਾਚੀਨੀ ਕੀਤੀ ਗਈ ਸੀ ਕਿ ਫੈਡਰਲ ਬਿੱਲਜ਼ ਜਿਨ੍ਹਾਂ ਰਾਹੀਂ ਐਨਰਜੀ ਮੈਗਾਪ੍ਰੋਜੈਕਟਸ ਸਬੰਧੀ ਨਿਯਮਾਂ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ, ਅਲਬਰਟਾ ਦੀ ਮੁੱਖ ਇੰਡਸਟਰੀ ਨੂੰ ਹਿਲਾ ਰਹੇ ਹਨ।

ਕੇਨੀ ਨੇ ਫੈਡਰਲ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਲਈ ਕੈਂਪੇਨਿੰਗ ਕੀਤੀ ਸੀ ਪਰ ਫਰੀਲੈਂਡ ਨਾਲ ਮੁਲਾਕਾਤ ਤੋਂ ਪਹਿਲਾਂ ਉਨ੍ਹਾਂ ਇਹ ਵੀ ਆਖਿਆ ਸੀ ਕਿ ਹੁਣ ਓਟਵਾ ਨਾਲ ਰਲ ਕੇ ਕੰਮ ਕਰਨ ਦਾ ਸਮਾਂ ਆ ਗਿਆ ਹੈ। ਸੋਮਵਾਰ ਨੂੰ ਕੇਨੀ ਨੇ ਆਖਿਆ ਕਿ ਜਿਵੇਂ ਕਿ ਪ੍ਰਧਾਨ ਮੰਤਰੀ ਨੇ ਚੋਣਾਂ ਵਾਲੀ ਰਾਤ ਨੂੰ ਇਹ ਮਹਿਸੂਸ ਕੀਤਾ ਸੀ ਕਿ ਉਹ ਅਲਬਰਟਾ ਤੇ ਸਸਕੈਚਵਨ ਨਾਲ ਵੀ ਆਪਣੀ ਖੁਸ਼ੀ ਸਾਂਝੀ ਕਰਨਾ ਚਾਹੁੰਦੇ ਹਨ। ਪਰ ਉਨ੍ਹਾਂ ਇਹ ਗੱਲ ਸਮਝੀ ਕਿ ਕਿਤੇ ਨਾ ਕਿਤੇ ਕੁੱਝ ਤਾਂ ਗੜਬੜ ਹੈ। ਸਾਡੇ ਅਰਥਚਾਰੇ ਨੂੰ ਕਈ ਚੁਣੌਤੀਆਂ ਨਾਲ ਨਜਿੱਠਣਾ ਪੈ ਰਿਹਾ ਹੈ ਤੇ ਅਲਬਰਟਾ ਵਾਸੀ ਵੀ ਸਹੀ ਡੀਲ ਚਾਹੁੰਦੇ ਹਨ। ਮੁਲਾਕਾਤ ਤੋਂ ਬਾਅਦ ਦੋਵਾਂ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ। ਮੁਲਾਕਾਤ ਤੋਂ ਬਾਅਦ ਕੇਨੀ ਵੱਲੋਂ ਇੱਕ ਬਿਆਨ ਜਾਰੀ ਕਰਕੇ ਫਰੀਲੈਂਡ ਨੂੰ ਕੈਨੇਡੀਅਨ ਨੈਸ਼ਨਲ ਰੇਲਵੇ ਕਾਰਪੋਰੇਸ਼ਨ ਦੀ ਹੜਤਾਲ ਬਾਰੇ ਕੁੱਝ ਕਰਨ ਲਈ ਵੀ ਆਖਿਆ ਗਿਆ। ਕੇਨੀ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਟਰਾਂਸ ਮਾਊਨਟੇਨ ਪਾਈਪਲਾਈਨ ਦਾ ਪਸਾਰ ਮਿਥੀ ਹੋਈ ਤਰੀਕ ਤੱਕ ਹੋਵੇ ਇਸ ਗੱਲ ਦੀ ਵੀ ਫੈਡਰਲ ਸਰਕਾਰ ਗਾਰੰਟੀ ਦੇਵੇ।

## ਫੌਜ ਵਿੱਚ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਫੈਡਰਲ ਸਰਕਾਰ ਦੇਵੇਗੀ 900 ਮਿਲੀਅਨ ਡਾਲਰ

...ਪੰਨਾ 1 ਦਾ ਬਾਕੀ

ਤੇ ਇਸ ਦੇ ਨਾਲ ਹੀ 100 ਮਿਲੀਅਨ ਡਾਲਰ ਦਾ ਹਰਜਾਨਾ ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਦੇ ਇੱਕ ਹੋਰ ਵਰਗ ਨੂੰ ਦੇਣ ਲਈ ਹਾਮੀ ਭਰੀ ਸੀ। ਪਿਛਲੇ ਕੁੱਝ ਸਾਲਾਂ ਵਿੱਚ ਇਹ ਫਾਈਲ ਕੀਤੇ ਗਏ ਛੇ ਮਾਮਲਿਆਂ ਦੀ ਗੱਲ ਸੀ। ਜਿਕਰਯੋਗ ਹੈ ਕਿ ਕਲਾਸ ਐਕਸ਼ਨ ਲਾਅਸੂਟ ਦਾਇਰ ਕੀਤੇ ਜਾਣ ਤੋਂ ਬਾਅਦ ਉਸ ਦੇ ਹੋਏ ਰਵਿਊ ਵਿੱਚ ਇਹ ਗੱਲ ਸਾਹਮਣੇ ਆਈ ਸੀ ਕਿ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਵਿੱਚ ਔਰਤਾਂ ਤੇ ਐਲਜੀਬੀਟੀਕਿਊ ਮੈਂਬਰਾਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਰੁਝਾਨ ਕਿਤੇ ਨਾ ਕਿਤੇ ਹੈ। ਇਸ ਲਾਅਸੂਟ ਵਿੱਚ ਜਿਨਸੀ ਸ਼ੋਸ਼ਣ, ਲਿੰਗਕ ਭੇਦਭਾਵ ਤੇ ਜਿਨਸੀ ਹਮਲੇ ਦੇ ਦੋਸ ਲਾਏ ਗਏ ਸਨ। ਲਿਬਰਲਾਂ ਨੇ 2017 ਦੇ ਅਖੀਰ ਵਿੱਚ ਇਹ ਕੇਸ ਲੜਨਾ ਸ਼ੁਰੂ ਕੀਤਾ ਸੀ ਪਰ 2018 ਦੇ ਸ਼ੁਰੂ ਵਿੱਚ ਇਸ ਮਾਮਲੇ ਵਿੱਚ ਲਿਬਰਲ ਸੈਟਲਮੈਂਟ ਦੀ ਪੇਸ਼ਕਸ਼ ਕਰਨ ਲੱਗੇ ਤੇ ਇਸ ਲਈ ਗੱਲਬਾਤ ਵੀ ਸ਼ੁਰੂ ਕੀਤੀ ਗਈ।

ਸੋਮਵਾਰ ਦੁਪਹਿਰ ਨੂੰ ਜਾਰੀ ਕੀਤੇ ਗਏ ਫੈਸਲੇ ਵਿੱਚ ਆਖਿਆ ਗਿਆ ਕਿ ਲਾਅਸੂਟ ਵਿੱਚ ਸ਼ਾਮਲ ਵਰਗਾਂ ਵਿੱਚੋਂ ਸਾਰੇ ਨਹੀਂ ਪਰ ਬਹੁਤ ਸਾਰੇ ਚਾਹੁੰਦੇ ਹਨ ਕਿ ਇਹ ਡੀਲ ਅਦਾਲਤ ਵਿੱਚ ਮਨਜ਼ੂਰ ਹੋ ਜਾਵੇ। ਹਰੇਕ ਕਲੇਅਮੈਂਟ ਨੂੰ 5000 ਡਾਲਰ ਤੋਂ 50,000 ਡਾਲਰ ਤੱਕ ਹਰਜਾਨਾ ਦਿੱਤਾ ਜਾਵੇਗਾ। ਕੁੱਝ ਮੈਂਬਰਾਂ ਨੂੰ ਤਾਂ 100,000 ਡਾਲਰ ਤੱਕ ਦਾ ਹਰਜਾਨਾ ਵੀ ਮਿਲੇਗਾ।

## ਮਰੀਜ਼ਾਂ ਦੀ ਰਜਿਸਟ੍ਰੇਸ਼ਨ ਆਨਲਾਈਨ ਕੀਤੀ ਜਾਵੇਗੀ : ਬਲਬੀਰ ਸਿੱਧੂ

ਚੰਡੀਗੜ੍ਹ, 26 ਨਵੰਬਰ (ਗਿਆਨ ਸਿੰਘ) ਸੂਬੇ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤੀ ਦੇਣ ਦੇ ਉਦੇਸ਼ ਨਾਲ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ 1 ਦਸੰਬਰ ਤੱਕ ਮਰੀਜ਼ਾਂ ਦੀ ਸਾਰੀ ਜਾਣਕਾਰੀ ਆਨਲਾਈਨ ਰਜਿਸਟਰ ਕੀਤੀ ਜਾਵੇਗੀ।

ਇੱਥੇ ਪਰਿਵਾਰ ਕਲਿਆਣ ਭਵਨ ਵਿਖੇ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਤੋਂ ਬਾਅਦ ਇਸਦਾ ਐਲਾਨ ਕਰਦਿਆਂ ਬਲਬੀਰ ਸਿੰਘ ਸਿੱਧੂ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਕਦਮ ਰਾਜ ਦੇ ਮੌਜੂਦਾ ਸਿਹਤ ਢਾਂਚੇ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਏਗਾ।

ਕਾਬਲੇਗੌਰ ਹੈ ਕਿ ਇਸ ਤੋਂ ਪਹਿਲਾਂ ਸਿਹਤ ਮੰਤਰੀ ਨੇ ਰਿਕਾਰਡ ਨੂੰ ਹੱਥੀਂ ਦਰਜ ਕਰਨ ਕਾਰਨ ਇਲਾਜ ਵਿੱਚ ਦੇਰੀ ਸਬੰਧੀ ਮਰੀਜ਼ਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਵਿਭਾਗ ਨੂੰ ਇੱਕ ਸੰਯੁਕਤ ਪ੍ਰਣਾਲੀ ਲਿਆਉਣ ਦੇ ਨਿਰਦੇਸ਼ ਦਿੱਤੇ। ਵਿਭਾਗ ਨੇ ਪੀ.ਜੀ.ਆਈ. ਦੇ ਮਾਡਲ ਦਾ ਅਧਿਐਨ ਕੀਤਾ ਅਤੇ ਅਜਿਹੇ ਮਾਡਲ ਦਾ ਸੁਝਾਅ ਦਿੱਤਾ ਜੋ ਇੱਕ ਕਲਿੱਕ ਨਾਲ ਮਰੀਜ਼ਾਂ ਦੀ ਸਾਰੀ ਜਾਣਕਾਰੀ ਮੁਹੱਈਆ ਕਰਵਾ ਸਕਦਾ ਹੈ।

ਬਲਬੀਰ ਸਿੰਘ ਸਿੱਧੂ ਨੇ ਅੱਗੇ ਕਿਹਾ ਕਿ ਇਹ ਅਤੀਤ ਬਣ ਜਾਵੇਗਾ ਜਦੋਂ ਜ਼ਰੂਰਤਮੰਦ ਮਰੀਜ਼ਾਂ ਨੂੰ ਇਲਾਜ ਲਈ ਆਪਣਾ ਮੈਡੀਕਲ ਰਿਕਾਰਡ ਕੋਲ ਰੱਖਣ ਲਈ ਬਹੁਤ ਪ੍ਰੇਸ਼ਾਨੀ ਝੱਲਣੀ ਪੈਂਦੀ ਸੀ ਅਤੇ ਇਹ ਸੂਬੇ ਭਰ ਵਿੱਚ ਆਮ ਬਿਮਾਰੀਆਂ ਨੂੰ ਸ਼੍ਰੇਣੀਬੱਧ ਕਰਨ ਵਿੱਚ ਵੀ ਮੱਦਦਗਾਰ ਸਾਬਤ ਹੋਵੇਗਾ।

ਉਨ੍ਹਾਂ ਕਿਹਾ ਕਿ ਇੱਕ ਮਹੀਨੇ ਅੰਦਰ ਸਾਰੇ ਸਬ ਡਵੀਜ਼ਨਲ ਹਸਪਤਾਲ ਵੀ ਆਨਲਾਈਨ ਪ੍ਰਣਾਲੀ ਨਾਲ ਜੁੜ ਜਾਣਗੇ ਅਤੇ ਸਿਹਤ ਵਿਭਾਗ ਦੀਆਂ ਲੈਬਾਟਰੀਆਂ 3 ਮਹੀਨੇ ਦੇ ਸਮੇਂ ਅੰਦਰ ਇਸ ਪ੍ਰਣਾਲੀ ਅਧੀਨ ਹੋਣਗੀਆਂ।

ਦਵਾਈਆਂ ਦੀ ਘਾਟ ਦੇ ਮੁੱਦੇ ਨੂੰ ਪੱਕੇ ਤੌਰ 'ਤੇ ਹੱਲ ਕਰਨ ਲਈ ਮੰਤਰੀ ਨੇ ਕਿਹਾ ਕਿ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਸਾਰੇ ਸਰਕਾਰੀ ਹਸਪਤਾਲਾਂ ਨੂੰ ਆਨਲਾਈਨ ਸਰਵਰ ਨਾਲ ਜੋੜਨ ਜਾ ਰਹੀ ਹੈ ਜੋ ਖੁਦ ਹੀ ਦਵਾਈਆਂ ਦਾ ਆਰਡਰ ਜਨਰੇਟ ਕਰੇਗੀ ਅਤੇ ਨਾਲ ਹੀ ਆਪਣੇ ਆਪ ਦਵਾਈਆਂ ਦੇ ਰੀ-ਆਰਡਰ ਦੇ ਲੈਵਲ ਬਾਰੇ ਵੀ ਜਾਣੂੰ ਕਰਵਾਏਗਾ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਨਾਲ ਸਰਕਾਰੀ ਹਸਪਤਾਲਾਂ ਵਿੱਚ ਮਿਲਣ ਵਾਲੀਆਂ ਲਗਭਗ 2500 ਕਿਸਮਾਂ ਦੀਆਂ ਮੁਫ਼ਤ ਦਵਾਈਆਂ ਦੇ ਭੰਡਾਰ 'ਤੇ ਵੀ ਨਿਗਰਾਨੀ ਰੱਖਣੀ ਆਸਾਨ ਹੋ ਜਾਵੇਗੀ। ਮੀਟਿੰਗ ਵਿੱਚ ਨਵੰਬਰ ਮਹੀਨੇ ਦੌਰਾਨ ਡੇਂਗੂ ਦੇ ਵਧੇ ਹੋਏ ਮਾਮਲਿਆਂ 'ਤੇ ਵਿਚਾਰ ਵਟਾਂਦਰਾ ਕਰਦੇ ਹੋਏ ਇਹ ਕਿਹਾ ਗਿਆ ਕਿ ਸਿਹਤ ਵਿਭਾਗ ਦੀ ਕਾਰਗੁਜ਼ਰੀ ਮਰੀਜ਼ਾਂ ਦੇ ਟੈਸਟ ਅਤੇ ਇਲਾਜ ਤੋਂ ਸ਼ੁਰੂ ਹੁੰਦੀ ਹੈ ਜਦਕਿ ਡੇਂਗੂ ਦੇ ਮਾਮਲਿਆਂ ਨੂੰ ਰੋਕਣਾ ਤੇ ਮੱਛਰਾਂ ਦੀ ਪੈਦਾਵਾਰ ਨੂੰ ਖ਼ਤਮ ਕਰਨਾ ਸਥਾਨਕ ਸਰਕਾਰਾਂ ਅਤੇ ਪੇਂਡੂ ਵਿਕਾਸ ਵਿਭਾਗ ਦੇ ਖੇਤਰ ਵਿੱਚ ਆਉਂਦਾ ਹੈ। ਇਸ ਉੱਤੇ ਇਹ ਵੀ ਜ਼ੋਰ ਦਿੱਤਾ ਗਿਆ ਕਿ ਸਿਹਤ ਵਿਭਾਗ ਦੀਆਂ ਜ਼ਿਲ੍ਹਾ ਪੱਧਰ ਦੀਆਂ ਟੀਮਾਂ ਪਰਵਾਸੀ ਅਬਾਦੀਆਂ ਵਾਲੇ ਇਲਾਕਿਆਂ ਵੱਲ ਵਿਸ਼ੇਸ਼ ਧਿਆਨ ਦੇਣ ਜਿੱਥੋਂ ਸਭ ਤੋਂ ਵੱਧ ਡੇਂਗੂ ਦੇ ਮਾਮਲੇ ਰਿਪੋਰਟ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰੀ ਇਲਕਿਆਂ ਵਿੱਚ ਸਥਾਨਕ ਸਰਕਾਰਾਂ ਅਤੇ ਦਿਹਾਤੀ ਇਲਾਕਿਆਂ ਵਿੱਚ ਪੇਂਡੂ ਵਿਕਾਸ ਵਿਭਾਗ ਵੀ ਮੁਸਤੈਦੀ ਨਾਲ ਹੀ ਡੇਂਗੂ ਦਾ ਖਾਤਮਾ ਕੀਤਾ ਜਾ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜਲਦ ਹੀ ਸਵਾਇਨ ਫਲੂ ਦਾ ਸੀਜ਼ਨ ਵੀ ਆਉਣ ਵਾਲਾ ਹੈ ਜਿਸ ਲਈ ਕੇਵਲ ਸਮੇਂ 'ਤੇ ਕੀਤੀ ਗਈ ਰਿਪੋਰਟਿੰਗ ਅਤੇ ਇਲਾਜ ਨਾਲ ਸਵਾਇਨ ਫਲੂ ਦੇ ਪ੍ਰਭਾਵ ਨੂੰ ਕੰਟਰੋਲ ਕੀਤਾ ਜਾਵੇ ਜਿਸ ਲਈ ਮੰਤਰੀ ਨੇ ਸਵਾਇਨ ਫਲੂ ਦੇ ਸ਼ੱਕੀ ਮਾਮਲਿਆਂ ਨੂੰ ਵੱਖਰੇ ਤੌਰ 'ਤੇ ਇਲਾਜ ਮੁਹੱਈਆ ਕਰਵਾਉਣ ਲਈ ਫਲੂ ਕਾਰਨਰ ਸਥਾਪਤ ਕਰਨ ਦੇ ਵੀ ਨਿਰਦੇਸ਼ ਦਿੱਤੇ।



ਸ. ਬਲਬੀਰ ਸਿੰਘ ਸਿੱਧੂ ਨੇ ਹੈਲਥ ਅਤੇ ਵੈੱਲਨੈੱਸ ਸੈਂਟਰਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਦੇ ਹੋਏ ਸਿਵਲ ਸਰਜਨਾਂ ਨੂੰ ਗੈਰ ਸੰਚਾਰੀ ਬਿਮਾਰੀਆਂ ਦੇ ਸਰਵੇਖਣ ਨੂੰ ਯਕੀਨੀ ਬਣਾਉਣ ਲਈ ਕਿਹਾ ਤਾਂ ਜੋ ਸ਼ੂਗਰ ਅਤੇ ਹਾਈਪਰਟੈਂਸ਼ਨ ਤੇ ਹੋਰ ਆਮ ਬਿਮਾਰੀਆਂ ਨਾਲ ਪ੍ਰਭਾਵਿਤ ਹੋਣ ਵਾਲੇ ਨਵੇਂ ਮਰੀਜ਼ਾਂ ਨੂੰ ਪਹਿਲੇ ਪੜਾਅ 'ਤੇ ਹੀ ਇਨ੍ਹਾਂ ਕੇਂਦਰਾਂ ਵਿੱਚ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਇਸ ਸਮੇਂ ਸੂਬੇ ਵਿੱਚ 1369 ਹੈਲਥ ਅਤੇ ਵੈਲਨੈਸ ਸੈਂਟਰ ਕਾਰਜਸ਼ੀਲ ਹਨ ਅਤੇ ਹੁਣ ਇਹ ਸੀਨੀਅਰ ਮੈਡੀਕਲ ਅਫ਼ਸਰਾਂ ਦੀ ਡਿਊਟੀ ਬਣਦੀ ਹੈ ਕਿ ਉਹ ਕਮਿਉਨਟੀ ਹੈਲਥ ਅਫ਼ਸਰਾਂ ਅਤੇ ਹੋਰ ਸਬੰਧਤ ਸਟਾਫ਼ ਦੀ ਹਾਜ਼ਰੀ ਅਤੇ ਲੋਕਾਂ ਦਾ ਇਲਾਜ ਯਕੀਨੀ ਤੌਰ 'ਤੇ ਕਰਵਾਉਣ। ਉਨ੍ਹਾਂ ਸਿਵਲ ਸਰਜਨਾਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਕਿ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ਼ ਦੀ ਵੱਖਰੇ ਤੌਰ 'ਤੇ ਪਹਿਚਾਣ ਕਰਨ ਲਈ ਉਹ ਹਰ ਸਮੇਂ ਆਈਡੈਂਟਟੀ ਕਾਰਡ ਪਹਿਨਣ ਅਤੇ ਉਨ੍ਹਾਂ ਕਿਹਾ ਕਿ ਜਲਦ ਹੀ ਸਰਕਾਰੀ ਹਸਪਤਾਲਾਂ ਵਿੱਚ ਯੂਨੀਫਾਰਮ ਲਈ ਬਜਟ ਜਾਰੀ ਕੀਤਾ ਜਾਵੇਗਾ। ਮੀਟਿੰਗ ਵਿੱਚ ਪੀ.ਸੀ. ਐਂਡ ਪੀ.ਐਨ.ਡੀ.ਟੀ. ਐਕਟ, ਜੱਚਾ ਬੱਚਾ ਸਿਹਤ ਸੰਭਾਲ ਪ੍ਰੋਗਰਾਮ, ਸਰਬੱਤ ਸਿਹਤ ਬੀਮਾ ਯੋਜਨਾ, ਟੀ.ਬੀ. ਕੰਟਰੋਲ ਪ੍ਰੋਗਰਾਮ , ਕੈਂਸਰ ਕੰਟਰੋਲ ਪ੍ਰੋਗਰਾਮ ਆਦਿ ਦੀ ਵੀ ਸਮੀਖਿਆ ਕੀਤੀ ਗਈ।

ਇਸ ਮੌਕੇ ਹੋਰਾਂ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਅਮਰਦੀਪ ਸਿੰਘ ਚੀਮਾ, ਪ੍ਰਮੁੱਖ ਸਕੱਤਰ ਸਿਹਤ ਅਨੁਰਾਗ ਅਗਰਵਾਲ, ਰਾਸ਼ਟਰੀ ਸਿਹਤ ਮਿਸ਼ਨ ਦੇ ਐਮ.ਡੀ. ਕੁਮਾਰ ਰਾਹੁਲ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਐਮ.ਡੀ. ਮਨਵੇਸ਼ ਸਿੰਘ ਸਿੱਧੂ, ਸਿਹਤ ਮੰਤਰੀ ਦੇ ਰਾਜਨੀਤਿਕ ਸਕੱਤਰ ਹਰਕੇਸ਼ ਚੰਦ ਸ਼ਰਮਾ, ਓ.ਐਸ.ਡੀ. ਡਾ. ਬਲਵਿੰਦਰ ਸਿੰਘ, ਡਾਇਰੈਕਟਰ ਸਿਹਤ ਸੇਵਾਵਾਂ ਅਵਨੀਤ ਕੌਰ, ਡਾਇਰੈਕਟਰ ਪਰਿਵਾਰ ਭਲਾਈ ਰੀਟਾ ਭਾਰਦਵਾਜ ਮੌਜੂਦ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.





















# ਓਨਟਾਰੀਓ ਦੇ ਬਜ਼ੁਰਗਾਂ ਦੇ ਦੰਦਾਂ ਦੀ ਸੰਭਾਲ ਦਾ ਜ਼ੁੰਮਾ ਹੁਣ ਸੂਬਾ ਸਰਕਾਰ ਨੇ ਚੁੱਕਿਆ

ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128





ਮਨੁੱਖ ਦੀ ਉਮਰ ਜਿਵੇਂ-ਜਿਵੇਂ ਵੱਧਦੀ ਹੈ, ਤਿਵੇਂ-ਤਿਵੇਂ ਕਈ ਬੀਮਾਰੀਆਂ ਉਸ ਨੂੰ ਘੇਰਾ ਪਾ ਲੈਂਦੀਆਂ ਹਨ। ਉਸ ਮਾਲਕ ਪ੍ਰਮਾਤਮਾ ਦੀ ਮਿਹਰ ਰਹੇ ਤਾਂ ਸਰਦੀ, ਖੰਘ-ਜ਼ੁਕਾਮ, ਬੁਖ਼ਾਰ, ਆਦਿ ਨੂੰ ਛੱਡ ਕੇ ਜਵਾਨੀ ਵੇਲੇ ਥੋੜ੍ਹੇ ਕੀਤਿਆਂ ਕੋਈ ਵੱਡੀ ਬੀਮਾਰੀ ਮਨੁੱਖ ਦੇ ਨੇੜੇ ਨਹੀਂ ਫਟਕਦੀ ਪਰ ਜਿਉਂ ਹੀ ਉਮਰ ਦਾ ਤੀਸਰਾ ਪੜਾਅ, ਭਾਵ ਬੁਢਾਪਾ ਸ਼ੁਰੂ ਹੋ ਜਾਂਦਾ ਹੈ, ਕੋਈ ਨਾ ਕੋਈ ਰੋਗ 'ਸਰੀਰਕ-ਦਰਵਾਜ਼ੇ' 'ਤੇ ਆ ਦਸਤਕ ਦਿੰਦਾ ਹੈ। ਕਿਸੇ ਦਾ ਬੀ.ਪੀ.(ਬਲੱਡ-ਪਰੈੱਸ਼ਰ) ਵੱਧਣਾ ਸ਼ੁਰੂ ਹੋ ਜਾਂਦਾ ਹੈ, ਕਿਸੇ ਦੇ ਬਲੱਡ-ਕੋਲੈਸਟਰੋਲ ਵਿਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਕੋਈ ਸ਼ੂਗਰ ਦੀ ਬੀਮਾਰੀ ਨਾਲ ਘੋਲ ਕਰਨਾ ਸ਼ੁਰੂ ਕਰ ਦਿੰਦਾ ਹੈ। ਕਿਸੇ ਨੂੰ ਕੰਨਾਂ ਤੋਂ ਉੱਚਾ ਸੁਣਨਾ ਸ਼ੁਰੂ ਹੋ ਜਾਂਦਾ ਹੈ ਅਤੇ ਕਈਆਂ ਦੇ ਦੰਦ ਸਾਥ ਦੇਣੋਂ ਮੁਨਕਰ ਹੁੰਦੇ ਜਾਂਦੇ ਹਨ। ਦੰਦਾਂ-ਦਾੜ੍ਹਾਂ ਜਾਂ ਮਸੂੜਿਆਂ ਨੂੰ ਤਾਂ ਕੋਈ ਨਾ ਕੋਈ ਬੀਮਾਰੀ ਆ ਹੀ ਘੇਰਦੀ ਹੈ ਅਤੇ ਉਹ ਸਾਥ ਨਿਭਾਉਣ ਤੋਂ ਇਨਕਾਰੀ ਹੁੰਦੇ ਜਾਂਦੇ ਹਨ। ਸਰੀਰ ਦੀਆਂ ਬੀਮਾਰੀਆਂ ਅਨੇਕਾਂ ਹੀ ਹਨ ਅਤੇ ਉਨ੍ਹਾਂ ਦੇ ਇਲਾਜ ਲਈ ਸਮੇਂ ਦੀਆਂ ਸਰਕਾਰਾਂ ਆਪਣੀ ਪੱਧਰ 'ਤੇ ਕੋਈ ਨਾ ਕੋਈ ਪ੍ਰਬੰਧ ਕਰਦੀਆਂ ਹੀ ਹਨ। ਕੈਨੇਡਾ ਵਿਚ ਹੈੱਲਥ ਕੇਅਰ ਕਿਉਂਕਿ ਸੂਬਾਈ ਮਸਲਾ ਹੈ, ਇਸ ਲਈ ਵੱਖ-ਵੱਖ ਸੂਬਿਆਂ ਵਿਚ ਇਸ ਦੇ ਲਈ ਸੂਬਾਈ ਸਰਕਾਰਾਂ ਵੱਲੋਂ ਆਪੋ-ਆਪਣੇ ਢੰਗ-ਤਰੀਕੇ ਨਾਲ ਪ੍ਰਬੰਧ ਕੀਤੇ ਗਏ ਹਨ। ਜੇਕਰ ਅਸੀਂ ਆਪਣੇ ਸੂਬੇ ਓਨਟਾਰੀਓ ਦੀ ਗੱਲ ਕਰੀਏ ਤਾਂ ਇੱਥੇ ਹੈੱਲਥ ਕੇਅਰ ਵੇਖਣ ਨੂੰ 'ਬਿਲਕੁਲ ਫ਼ਰੀ' ਜਾਪਦੀ ਹੈ ਜੋ ਅਸਲ ਵਿਚ ਨਹੀਂ ਹੈ। ਸਾਡੇ ਤੁਹਾਡੇ ਵੱਲੋਂ ਸਰਕਾਰ ਨੂੰ ਭਰੇ ਜਾਂਦੇ ਕਈ ਤਰ੍ਹਾਂ ਦੇ ਟੈਕਸਾਂ ਦੇ ਨਾਲ ਸਰਕਾਰ ਦੀ ਇਹ ਜ਼ੁੰਮੇਂਵਾਰੀ ਬਣ ਜਾਂਦੀ ਹੈ ਕਿ ਉਹ ਆਪਣੇ ਨਾਗਰਿਕਾਂ ਨੂੰ ਸਿਹਤ-ਸੇਵਾਵਾਂ ਮੁਹੱਈਆ ਕਰੇ। ਏਸੇ ਲਈ ਇੱਥੇ ਹਰੇਕ ਨਾਗਰਿਕ ਜਾਂ ਪੀ.ਆਰ. ਦਾ ਹੈੱਲਥ-ਕਾਰਡ ਬਣਾਇਆ ਜਾਂਦਾ ਹੈ ਜਿਸ ਨੂੰ ਉਹ ਡਾਕਟਰ ਕੋਲ ਜਾ ਕੇ ਸਵਾਈਪ ਕਰਨ 'ਤੇ ਡਾਕਟਰੀ ਸਹੂਲਤ ਪ੍ਰਾਪਤ ਕਰ ਸਕਦਾ ਹੈ। ਹੁਣ ਤੀਕ ਸਰੀਰ ਦੀਆਂ ਆਮ ਬੀਮਾਰੀਆਂ ਲਈ ਤਾਂ ਇਹ ਹੈੱਲਥ ਕਾਰਡ ਪੂਰਾ ਕੰਮ ਦਿੰਦਾ ਸੀ ਪਰ ਦੰਦਾਂ ਦੀਆਂ ਬੀਮਾਰੀਆਂ ਲਈ ਇਹ ਬਿਲਕਲ ਇਨਕਾਰੀ ਹੋ ਜਾਂਦਾ ਸੀ ਕਿਉਂਕਿ ਸਰਕਾਰ ਨੇ ਡੈਂਟਲ-ਕੇਅਰ ਇਸ ਸਹੂਲਤ ਵਿਚ ਸ਼ਾਮਲ ਨਹੀਂ ਕੀਤੀ ਸੀ।

ਸੀਨੀਅਰ ਸਿਟੀਜ਼ਨਾਂ ਲਈ ਇਹ ਖ਼ੁਸ਼ੀ ਭਰੀ ਖ਼ਬਰ ਹੈ ਕਿ ਹੁਣ ਓਨਟਾਰੀਓ ਸਰਕਾਰ ਨੇ ਸੀਨੀਅਰਾਂ ਦੇ ਲਈ ਮੁਫ਼ਤ ਡੈਂਟਲ ਕੇਅਰ ਦੀ ਸਹੂਲਤ 20 ਨਵੰਬਰ ਤੋਂ ਸ਼ੁਰੂ ਕਰ ਦਿੱਤੀ ਹੈ। ਇਸ ਡੈਂਟਲ ਕੇਅਰ ਵਿਚ ਦੰਦਾਂ ਦਾ ਚੈੱਕ-ਅੱਪ ਜਿਸ ਵਿਚ ਸਕੇਲਿੰਗ, ਫ਼ਲੋਰਾਈਡ ਤੇ ਪਾਲਿਸ਼ਿੰਗ, ਟੁੱਟੇ ਹੋਏ ਦੰਦਾਂ ਅਤੇ ਕੈਵਿਟੀਆਂ ਦੀ ਮੁਰੰਮਤ, ਦੰਦਾਂ ਦਾ ਐੱਕਸ-ਰੇ, ਓਰਲ ਸਰਜਰੀ (ਦੰਦ-ਦਾੜ੍ਹ ਤੇ ਅਣਚਾਹੇ ਟਿਸ਼ੂ ਬਾਹਰ ਕੱਢਣੇ), ਐਨੱਸਥੀਸ਼ੀਆ, ਇਨਫ਼ੈੱਕਸ਼ਨ ਤੇ ਦਰਦ ਦਾ ਇਲਾਜ ਅਤੇ ਮਸੂੜਿਆਂ ਦੀਆਂ ਬੀਮਾਰੀਆਂ ਦਾ ਇਲਾਜ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਨਵੇਂ ਜਬਾੜੇ ('ਡੈਂਚਰ') ਲਗਾਉਣ ਨੂੰ ਸਰਕਾਰ ਵੱਲੋਂ ਅੰਸ਼ਕ ਤੌਰ 'ਤੇ ਕੱਵਰ ਕੀਤੇ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ।

ਇਸ ਸਮੇਂ ਦਿੱਤੀ ਜਾਂਦੀ 'ਹਾਲਵੇਅ ਹੈੱਲਥ ਕੇਅਰ' ਨੂੰ ਖ਼ਤਮ ਕਰਨ ਲਈ ਓਨਟਾਰੀਓ ਸਰਕਾਰ ਨੇ ਆਪਣੀ ਵਿਆਪਕ ਪਲੈਨ ਦੇ ਇਕ ਭਾਗ ਵਜੋਂ ਉਨ੍ਹਾਂ ਪ੍ਰੋਗਰਾਮਾਂ ਵਿਚ ਪੂੰਜੀ ਨਿਵੇਸ਼ ਕਰਨ ਦਾ ਪ੍ਰੋਗਰਾਮ ਬਣਾਇਆ ਹੈ ਜਿਹੜੇ ਬਜ਼ੁਰਗਾਂ ਨੂੰ ਆਪਣੀਆਂ ਕਮਿਊਨਿਟੀਆਂ ਵਿਚ ਲੰਮਾਂ ਸਮਾਂ ਸਿਹਤਮੰਦ ਰੱਖ ਸਕਦੇ ਹਨ। ਇਸ ਪ੍ਰੋਗਰਾਮ ਦੇ ਤਹਿਤ ਦੰਦਾਂ ਦੀਆਂ ਰੋਕੀਆਂ ਜਾ ਸਕਣ ਵਾਲੀਆਂ ਬੀਮਾਰੀਆਂ, ਜਿਵੇਂ ਕਿ ਮਸੂੜਿਆਂ ਦੀਆਂ ਬੀਮਾਰੀਆਂ, ਇਨਫ਼ੈਕਸ਼ਨਾਂ ਅਤੇ ਦੰਦਾਂ-ਦਾੜ੍ਹਾਂ ਵਿਚ ਲੰਮਾ ਸਮਾਂ ਰਹਿਣ ਵਾਲੀ ਦਰਦ ਆਦਿ ਸ਼ਾਮਲ ਕੀਤੇ ਗਏ ਹਨ। ਸਰਕਾਰੀ ਅੰਕੜਿਆਂ ਅਨੁਸਾਰ ਇਨ੍ਹਾਂ ਬੀਮਾਰੀਆਂ ਕਾਰਨ 60,000 ਤੋਂ ਵਧੀਕ ਮਰੀਜ਼ ਐਮਰਜੈਂਸੀ ਡਿਪਾਰਟਮੈਂਟਾਂ ਵਿਚ ਜਾਂਦੇ ਹਨ ਜਿਨ੍ਹਾਂ ਵਿਚ ਵਧੇਰੇ ਗਿਣਤੀ ਬਜ਼ੁਰਗਾਂ ਦੀ ਹੁੰਦੀ ਹੈ। ਡੈਂਟਲ ਕੇਅਰ ਮਹਿੰਗੀ ਹੋਣ ਕਾਰਨ ਘੱਟ ਆਮਦਨੀ ਵਾਲੇ ਬਜ਼ੁਰਗਾਂ ਨੂੰ ਇਸ ਦੇ ਲਈ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਨ੍ਹਾਂ ਵਿੱਚੋਂ ਬਹੁਤਿਆਂ ਦੀ ਆਮਦਨੀ ਦੇ ਸਾਧਨ ਸੀਮਤ ਹੁੰਦੇ ਹਨ।

ਓਨਟਾਰੀਓ ਸਰਕਾਰ ਦੇ ਨਵੇਂ ਸੀਨੀਅਰ ਡੈਂਟਲ ਕੇਅਰ ਪ੍ਰੋਗਰਾਮ (ਓ.ਐੱਸ.ਡੀ.ਸੀ.ਪੀ.) ਉੱਪਰ ਸਰਕਾਰ 90 ਮਿਲੀਅਨ ਡਾਲਰ ਦੇ ਲੱਗਭੱਗ ਖ਼ਰਚ ਕਰ ਰਹੀ ਹੈ ਜਿਸ ਨਾਲ ਘੱਟ ਆਮਦਨ ਵਾਲੇ ਬਜ਼ੁਰਗਾਂ ਦੇ ਦੰਦਾਂ ਦੀ ਸੰਭਾਲ ਵਿਚ ਮਦਦ ਹੋ ਸਕੇਗੀ। ਇਸ ਦੇ ਨਾਲ ਸਰਕਾਰ ਦੰਦਾਂ ਨਾਲ ਸਬੰਧਿਤ ਐਮਰਜੈਂਸੀ ਜਾਣ ਵਾਲੇ ਬਜ਼ੁਰਗਾਂ ਦੀ ਗਿਣਤੀ ਘੱਟਣ ਦੀ ਉਮੀਦ ਕਰਦੀ ਹੈ। ਸੀਨੀਅਰ ਸਿਟੀਜ਼ਨਾਂ ਵੱਲੋਂ ਇਸ ਪ੍ਰੋਗਰਾਮ ਲਈ ਅਰਜ਼ੀ ਭਰਨ ਲਈ ਆਸਾਨੀ ਨਾਲ ਵਰਤੀ ਜਾ ਸਕਣ ਵਾਲੀ 'ਵੈੱਬ ਪੋਰਟਲ' (ੱਬ ਫੋਰਟਅਲ) ੋਨਟਅਰੋਿ।ਚਅ/ੲਨੋਰਿਸਧੲਨਟਅਲ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਹੈ। ਇਸ ਪ੍ਰੋਗਰਾਮ ਦੇ ਯੋਗ ਬਜ਼ੁਰਗ 'ਆਨਲਾਈਨ' (ੋਨਲਨਿੲ) ਜਾ ਕੇ ਜਾਂ ਕਿਸੇ ਪਬਲਿਕ ਹੈੱਲਥ ਯੂਨਿਟ ਤੋਂ ਲੋੜੀਂਦਾ ਫ਼ਾਰਮ ਪ੍ਰਾਪਤ ਕਰਕੇ ਇਸ ਪ੍ਰੋਗਰਾਮ ਲਈ ਆਪਣੀ ਅਰਜ਼ੀ ਦੇ ਸਕਦੇ ਹਨ।

ਇਸ ਦੌਰਾਨ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੇ ਇਸ ਦੇ ਬਾਰੇ ਇਸ ਲੇਖਕ ਨਾਲ ਇਸ ਲੰਘੇ ਐਤਵਾਰ ਗੱਲਬਾਤ ਕਰਦਿਆਂ ਦੱਸਿਆ ਕਿ ਪੜ੍ਹੇ-ਲਿਖੇ ਬਜ਼ੁਰਗ ਜਿਨ੍ਹਾਂ ਨੂੰ ਕੰਪਿਊਟਰ ਵਰਤਣ ਬਾਰੇ ਜਾਣਕਾਰੀ ਹਾਸਲ ਹੈ, ਉਹ ਤਾਂ ਆਪ ਹੀ ਇਹ ਅਰਜ਼ੀਆਂ ਭਰ ਕੇ ਭੇਜ ਸਕਦੇ ਹਨ। ਪ੍ਰੰਤੂ, ਜਿਨ੍ਹਾਂ ਨੂੰ ਇਸ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਉਨ੍ਹਾਂ ਨੂੰ ਉਨ੍ਹਾਂ ਦੇ ਸੈੱਲ ਨੰਬਰ 416-409-0126 'ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਬਜ਼ੁਰਗਾਂ ਦੀਆਂ ਇਹ ਮੁਸ਼ਕਲਾਂ ਹੱਲ ਕਰਨ ਵਿਚ ਉਨ੍ਹਾਂ ਨੂੰ ਖ਼ੁਸ਼ੀ ਪ੍ਰਾਪਤ ਹੋਵੇਗੀ।

ਇਸ ਪ੍ਰੋਗਰਾਮ ਬਾਰੇ ਓਨਟਾਰੀਓ ਦੀ ਹੈੱਲਥ ਮਨਿਸਟਰ ਐਲੀਅਟ ਦਾ ਕਹਿਣਾ ਹੈ," ਬਜ਼ੁਰਗਾਂ ਨੂੰ ਦੰਦਾਂ ਦੀ ਵਧੀਆ ਸੰਭਾਲ ਤੱਕ ਪਹੁੰਚ ਪ੍ਰਦਾਨ ਕਰਕੇ ਅਤੇ ਉਨ੍ਹਾਂ ਨੂੰ ਹਸਪਤਾਲਾਂ ਤੋਂ ਬਾਹਰ ਰੱਖ ਕੇ ਇਹ ਨਵਾਂ ਪ੍ਰੋਗਰਾਮ ਹਸਪਤਾਲਾਂ ਦੇ ਹਾਲਾਂ ਵਿਚ ਦਿੱਤੀ ਜਾਂਦੀ ਸਿਹਤ ਸੰਭਾਲ (ਹਾਲਵੇਅ ਹੈੱਲਥ ਕੇਅਰ) ਨੂੰ ਖ਼ਤਮ ਕਰਨ ਦੀ ਸਾਡੀ ਪਲੈਨ ਦਾ ਇਕ ਅਹਿਮ ਹਿੱਸਾ ਹੈ। ਦੰਦਾਂ ਦੀ ਸੰਭਾਲ ਦਾ ਇਹ ਪ੍ਰੋਗਰਾਮ ਯੋਗ ਬਜ਼ੁਰਗਾਂ ਦੇ ਦੰਦਾਂ ਦੀ ਅਜਿਹੀ ਵਧੀਆ ਸੰਭਾਲ ਕਰੇਗਾ ਜਿਸ ਦੇ ਉਹ ਹੱਕਦਾਰ ਹਨ। ਬਜ਼ੁਰਗਾਂ ਨੂੰ ਤੰਦਰੁਸਤ ਰੱਖ ਕੇ ਅਸੀਂ ਸਾਰੇ ਸੂਬੇ ਵਿਚ ਬਜ਼ੁਰਗਾਂ ਦੀਆਂ ਹਸਪਤਾਲਾਂ ਵਿਚਲੀਆਂ ਐਮਰਜੈਂਸੀ ਫੇਰੀਆਂ ਘਟਾਉਣ ਵਿਚ ਮਦਦ ਕਰ ਸਕਦੇ ਹਾਂ।"

ਇਸ ਪ੍ਰੋਗਰਾਮ ਅਨੁਸਾਰ ਓਨਟਾਰੀਓ ਦੇ 19,300 ਡਾਲਰ ਜਾਂ ਇਸ ਤੋਂ ਘੱਟ ਸਲਾਨਾ ਆਮਦਨ ਵਾਲੇ 65 ਸਾਲਾਂ ਜਾਂ ਇਸ ਤੋਂ ਵਧੇਰੇ ਉਮਰ ਦੇ ਲੋਕ ਜਾਂ 32,300 ਡਾਲਰ ਸਲਾਨਾ ਜਾਂ ਇਸ ਤੋਂ ਘੱਟ ਸਾਂਝੀ ਆਮਦਨ ਵਾਲੇ 65 ਸਾਲਾਂ ਜਾਂ ਇਸ ਤੋਂ ਘੱਟ ਆਮਦਨ ਵਾਲੇ ਜੋੜੇ ਜਿਨ੍ਹਾਂ ਕੋਲ ਡੈਂਟਲ ਬੈਨੀਫ਼ਿਟਸ ਨਾ ਹੋਣ, ਇਸ ਓਨਟਾਰੀਓ ਸੀਨੀਅਰਜ਼ ਡੈਂਟਲ ਪ੍ਰੋਗਰਾਮ ਵਿਚ ਸ਼ਾਮਲ ਹੋ ਸਕਦੇ ਹਨ। ਦੰਦਾਂ ਦੀ ਸੰਭਾਲ ਦਾ ਇਹ ਨਵਾਂ ਪ੍ਰੋਗਰਾਮ ਕੁਝ ਮੋਬਾਇਲ ਡੈਂਟਲ ਕਲਿੱਨਿਕਾਂ ਸਮੇਤ ਪਬਲਿਕ ਹੈੱਲਥ ਯੂਨਿਟਾਂ ਦੇ ਨਾਲ ਨਾਲ ਇਸ ਪ੍ਰੋਗਰਾਮ ਵਿਚ ਹਿੱਸਾ ਲੈ ਰਹੇ ਕਮਿਊਨਿਟੀ ਹੈੱਲਥ ਸੈਂਟਰਾਂ ਅਤੇ ਔਬਰਿਜਨਲ ਹੈੱਲਥ ਐਕਸੈੱਸ ਸੈਂਟਰਾਂ ਵਿਚ ਵੀ ਉਪਲੱਬਧ ਹੋਵੇਗਾ।

ਦੰਦਾਂ ਦੀ ਸੰਭਾਲ ਦੇ ਇਸ ਨਵੇਂ ਪ੍ਰੋਗਰਾਮ ਦੇ ਯੋਗ ਬਜ਼ੁਰਗਾਂ ਨੂੰ ਓਨਟਾਰੀਓ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਇਸ ਮੁਫ਼ਤ ਹੈੱਲਥ ਕੇਅਰ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।

## ਕਹਾਣੀ

# ਆ ਆਪਾਂ ਘਰ ਬਣਾਈਏ

-ਸਿਮਰਨ ਧਾਲੀਵਾਲ-

ਪੰਜ ਕੁ ਸਾਲ ਪਹਿਲਾਂ ਜਦੋਂ ਖਰੈਤੀ ਲਾਲ ਨੇ ਆਪਣਾ ਥਾਂ ਨਰੈਣੇ ਨੂੰ ਵੇਚਿਆ ਸੀ। ਮੈਂ ਉਦੋਂ ਸੋਚਿਆ ਸੀ, 'ਕਰਾੜ ਸਿਰ 'ਤੇ ਬਿਠਾ ਗਿਆ ਸਾਡੇ। ਆਪ ਤੁਰ ਗਿਆ ਸ਼ਹਿਰ ਨੂੰ। ਸਾਡੇ ਭਾਅ ਪਾ ਗਿਆ ਸਿਆਪਾ..।'

ਫਿਰ ਖੁਦ ਮੈਂ ਸੋਚਿਆ, 'ਕੁੱਤਿਆਂ ਈ ਹੱਗਣਾ ਇੱਥੇ। ਥਾਂ ਤਾਂ ਉਹ ਕੌਡੀਆਂ ਦੇ ਭਾਅ ਸੁੱਟ ਗਿਆ। ਕੁੱਲਾ ਛੱਤਣਾ ਸੌਖਾ ਪਿਐ।' ਮੈਂ ਸਮਝਦਾ ਸਾਂ, ਨਾ ਨੌਂ ਮਣ ਤੇਲ 'ਕੱਠਾ ਹੋਣਾ ਨਾ ਰਾਧਾ ਨੱਚਣਾ। ਥਾਂ ਖਰੀਦੀ ਤੋਂ ਸਾਲ ਕੁ ਬਾਅਦ ਨਰੈਣੇ ਦਾ ਵੱਡਾ ਮੁੰਡਾ ਅਰਜੂ ਫੌਜ ਵਿੱਚ ਭਰਤੀ ਹੋ ਗਿਆ। ਦੋ ਸਾਲ ਥਾਂ ਫੇਰ ਵਿਹਲੀ ਪਈ ਰਹੀ। ਮੈਂ ਅੰਦਰੋਂ-ਅੰਦਰੀ ਨਫਰਤ ਨਾਲ ਭਰਦਾ ਰਿਹਾ, ਪਰ ਨਰੈਣਾ ਤਾਂ..!!

ਨਰੈਣਾ ਕਦੀ-ਕਦੀ 'ਆਪਣੀ' ਥਾਂ ਦੇਖਣ ਆ ਜਾਂਦਾ।

'ਸੁਣਾ ਬਈ ਮੇਜਾ ਸਿਆਂ। ਖੁਸ਼ਨੰਦ ਐਂ?' ਆਪਣੇ ਖੋਲਿਆਂ ਵਿੱਚ ਖੜ੍ਹਾ ਨਰੈਣਾ ਦੂਰੋਂ ਹਾਕਾਂ ਮਾਰਨ ਲੱਗਦਾ। ਸਾਡਾ ਘਰ ਤੇ ਖਰੈਤੀ ਦਾ ਘਰ ਆਹਮੋ-ਸਾਹਮਣੇ ਸੀ। ਜਦੋਂ ਮਾਹੌਲ ਖਰਾਬ ਹੋਏ, ਖਰੈਤੀ ਭਾਂਡਾ-ਟੀਂਡਾ ਚੁੱਕ ਕੇ ਸ਼ਹਿਰ ਜਾ ਬੈਠਾ। ਉਹਦਾ ਮਕਾਨ ਕਈ ਸਾਲ ਬੰਦ ਪਿਆ ਰਿਹਾ। ਚੁੱਲ੍ਹਿਆਂ ਉਤੇ ਘਾਹ ਉਗਣ ਲੱਗਿਆ। ਘਰ ਵਿਕਿਆ ਨਾ। ਖਰੈਤੀ ਨੇ ਮਜ਼ਦੂਰ ਲਾ ਕੇ ਮਕਾਨ ਢਾਹ ਲਿਆ ਤੇ ਇੱਟਾਂ ਬਾਲੇ ਸ਼ਹਿਰ ਨੂੰ ਲੈ ਗਿਆ।

''ਕੋਈ ਨਾ ਥਾਂ ਦਾ ਕਿਹੜਾ ਕੁਝ ਘਸ ਚੱਲਿਆ। ਆਪੇ ਵਿਕਦੀ ਰਹੂ।'' ਖਰੈਤੀ ਖੀਂ-ਖੀਂ ਕਰ ਕੇ ਹੱਸਦਾ। ਪਿੰਡਾਂ ਵਿੱਚ ਥਾਵਾਂ ਨੂੰ ਕੌਣ ਪੁੱਛਦਾ। ਅਖੀਰ ਗਰਜ਼ ਦੇ ਮਾਰਿਆਂ ਖਰੈਤੀ ਨੇ ਥਾਂ ਸਸਤੇ ਮੁੱਲ ਨਰੈਣੇ ਨੂੰ ਫੜਾ ਦਿੱਤੀ।

''ਵਧੀਆ ਨਰੈਣ ਸਿਆਂ, ਤੂੰ ਦੱਸ ਕਦ ਛੱਤਣੇ ਫਿਰ ਮਹਿਲ?'' ਆਪਣੇ ਘਰ ਦੇ ਗੇਟ ਅੱਗੇ ਖੜ੍ਹਾ ਮੈਂ ਨਰੈਣੇ ਨੂੰ ਜਵਾਬ ਦੇ ਦਿੰਦਾ।

''ਬੱਸ ਫੌਜੀ ਵੱਲ ਈ ਝਾਕਦੇ ਆਂ। ਤੂੰ ਸਿਆਣਾ ਮਕਾਨ ਕਿਹੜਾ ਐਵੇਂ ਬਣਦੇ। ਥਾਂ ਜੁੜ ਗਈ। ਮਕਾਨ ਵੀ ਬਣੂ ਈ। ਸੱਚੇ ਪਾਤਸ਼ਾਹ ਕਰਨ ਵਾਲਾ। ਤੈਨੂੰ ਕਿਹੜਾ ਭੁੱਲਾ ਏ..।''

ਨਰੈਣਾ ਪੁਰਾਣੀ ਕਥਾ ਛੇੜ ਬੈਠਦਾ।

ਨਰੈਣਾ ਮੇਰੇ ਤੋਂ ਦਸ ਕੁ ਸਾਲ ਵੱਡਾ ਹੋਣਾ। ਅਸੀਂ ਛੋਟੇ ਸਾਂ ਜਦੋਂ ਉਹ ਸਾਡੇ ਨਾਲ ਸੀਰੀ ਆ ਰਲਿਆ ਸੀ। ਐਸੀ ਗੱਲ-ਕੱਥ ਮਹੀਨੇ ਵੀਹੀਂ ਦਿਨੀਂ ਹੋ ਜਾਂਦੀ। ਜਦੋਂ ਕਦੇ ਨਰੈਣਾ ਸਾਡੇ ਸਾਹਮਣੇ ਖਰੀਦੀ 'ਆਪਣੀ' ਥਾਂ ਵੇਖਣ ਆਉਂਦਾ। ਪੁਰਾਣੀਆਂ ਗੱਲਾਂ ਕਰਨ ਲੱਗਦਾ। ''ਦੇਖ ਲਾ ਮੇਜਾ ਸਿਆਂ। ਵੇਲੇ-ਵੇਲੇ ਦੀਆਂ ਗੱਲਾਂ। ਤੈਨੂੰ ਦੱਸਦਾਂ ਬਈ ਉਦੋਂ ਆਹ ਪਸ਼ੂਆਂ ਲਈ ਪੱਕਾ ਬਰਾਂਡਾ ਨਹੀਂ ਸੀ ਹੁੰਦਾ। ਤੋੜ ਤੀਕ ਕੱਚਾ ਕੋਠਾ ਸੀ। ਇੱਕ ਪਾਸੇ ਤੂੜੀ ਪਾਉਂਦੇ। ਇੱਕ ਪਾਸੇ ਪਸ਼ੂ ਬੱਝਦੇ..।''

ਨਰੈਣਾ ਨਵੇਂ ਮਕਾਨ ਵਿੱਚੋਂ ਪੁਰਾਣੇ ਘਰ ਦਾ ਨਕਸ਼ਾ ਦਿਖਾਉਣ ਲੱਗਦਾ। ਦੋ ਕਮਰੇ ਤਾਂ ਨਰੈਣੇ ਨੇ ਛੱਤ ਲਏ ਸਨ। ਜਿਸ ਦਿਨ ਨੀਂਹ ਧਰੀ ਸੀ, ਉਸ ਦਿਨ ਲੱਡੂ ਲੈ ਕੇ ਸਾਡੇ ਵੱਲ ਆਇਆ। ''ਲਓ ਜੀ ਕਰੋ ਮੂੰਹ ਮਿੱਠਾ। ਸੁੱਖ ਨਾਲ ਦੋਵੇਂ ਭਾਈ ਕੋਲ-ਕੋਲ ਆ ਗਏ ਆਂ ਮੇਜਾ ਸਿਆਂ।'' ਨਰੈਣੇ ਦੀ ਇਸ ਗੱਲ ਤੋਂ ਮੇਰਾ ਮੂੰਹ ਕੌੜਾ ਹੋ ਗਿਆ। ਉਹ ਬੂਹਿਓਂ ਬਾਹਰ ਹੋਇਆ। ਮੈਂ ਅੱਧਾ ਬਚਿਆ ਲੱਡੂ ਕੁੱਤੇ ਅੱਗੇ ਪਾ ਦਿੱਤਾ। ਨਰੈਣਾ ਸਾਡੇ ਸਾਹਮਣੇ ਘਰ ਬਣਨ ਕਰਕੇ ਬਹੁਤ ਖੁਸ਼ ਸੀ। ਜਿੰਨਾ ਉਹ ਮੋਹ ਦਿਖਾਉਂਦਾ, ਓਨਾ ਹੀ ਉਹ ਮੈਨੂੰ ਭੈੜਾ ਲੱਗਦਾ।

'ਬਾਖੜ ਜਿਹਾ ਭਰਾ ਤੂੰ ਮੇਰਾ ਸੱਜੇ ਪੱਟੋਂ ਕੱਢਿਆ। ਉਈਂ ਸਿਰ 'ਤੇ ਚੜ੍ਹਦਾ ਜਾਊ।' ਮੈਂ ਮਨ ਵਿੱਚ ਕੁੜ੍ਹਦਾ ਰਹਿੰਦਾ। ਚੌਦਾਂ ਸਾਲ ਸਾਡੇ ਨਾਲ ਸੀਰ ਕਮਾ ਕੇ ਉਹ ਖੁਦ ਨੂੰ ਸਾਡੇ ਘਰ ਦਾ ਹਿੱਸਾ ਸਮਝਣ ਲੱਗਿਆ ਸੀ। ਬਾਪੂ ਨਰੈਣੇ ਨਾਲ ਤਿਹੁ ਦਿਖਾਉਂਦਾ ਹੁੰਦਾ ਸੀ। ਰੋਟੀ ਖਾਣ ਲੱਗਿਆਂ ਉਹਨੂੰ ਕੋਲ ਬਿਠਾ ਲੈਣਾ। ਹਰ ਚੀਜ਼ ਬਰਾਬਰ ਦੀ ਦੇਣੀ। ਉਹਨੂੰ ਘਰ-ਬਾਹਰ ਪੂਰੀ ਖੁੱਲ੍ਹ ਸੀ, ਪਰ ਅੱਜ ਵੇਲੇ ਬਦਲ ਗਏ ਸਨ। ਸਾਡੇ ਨਾਲ ਸੀਰ ਛੱਡਿਆਂ ਨਰੈਣੇ ਨੂੰ ਮੁੱਦਤ ਹੋ ਗਈ ਸੀ। ਸੀਰ ਛੱਡਣ ਮਗਰੋਂ ਪਹਿਲਾਂ ਪਿੰਡ ਤੇ ਫਿਰ ਸ਼ਹਿਰ। ਉਹ ਬਹੁਤ ਸਾਲ ਦਿਹਾੜੀਆਂ ਕਰਦਾ ਰਿਹਾ। ਉਹਦਾ ਵਿਆਹ ਹੋਇਆ। ਜਵਾਕ ਹੋਏ। ਘਰੇ ਭੰਗ ਭੁਜਦੀ। ਨਰੈਣੇ ਦੇ ਚਾਰ ਜਵਾਕ ਸਨ। ਦੋ ਕੁੜੀਆਂ ਅਤੇ ਦੋ ਮੁੰਡੇ। ਕੁੜੀਆਂ ਇਕੋ ਜਿੰਡੀਆਂ। ਲਗਰ ਵਰਗੀਆਂ। ਫੱਕਰ ਨੇ ਦੋਵੇਂ ਕੁੜੀਆਂ ਔਖੇ ਸੌਖੇ ਵਿਆਹ ਦਿੱਤੀਆਂ ਸਨ। ਤਿੰਨੀਂ ਕੱਪੜੀਂ। ਨਾ ਕੋਈ ਬਰਾਤ ਨਾ ਮੇਲ। ਗੁਰਦੁਆਰੇ ਲਾਵਾਂ ਕੀਤੀਆਂ। ਚਾਹ ਪਾਣੀ ਦਾ ਖਰਚ ਬਾਪੂ ਨੇ ਕਰ ਦਿੱਤਾ।

''ਧੀਆਂ ਭੈਣਾਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ। ਰੱਬ ਖਬਰੇ ਕੀਹਦੇ ਪੈਰਾਂ ਪਿੱਛੇ ਦਿੰਦਾ।'' ਬਾਪੂ ਦਾਨ-ਪੁੰਨ ਦਾ ਬਹਾਨਾ ਬਣਾ ਲੈਂਦਾ। ਮੇਰਾ ਮੁੰਡਾ ਅਤੇ ਨਰੈਣੇ ਦਾ ਛੋਟਾ ਮੁੰਡਾ ਭੀਲਾ ਦੋਵੇਂ ਇਕੱਠੇ ਪੜ੍ਹੇ। ਨੌਵੀਂ ਵਿੱਚੋਂ ਹਟ ਕੇ ਭੀਲਾ ਬੋਰਾਂ ਵਾਲੇ ਜਗਤਾਰ ਨਾਲ ਜਾਣ ਲੱਗਾ। ਤਰਸੇਮ ਦਸਵੀਂ ਕਰ ਕੇ ਫਿਰ ਵੱਡੇ ਸਕੂਲ ਗਿਆਰਵੀਂ ਵਿੱਚ ਜਾ ਦਾਖਲ ਹੋਇਆ। ਅਰਜੂ ਵੱਡਾ ਸੀ। ਉਹ ਦਸਵੀਂ ਕਰ ਕੇ ਬੋਰਾਂ ਵਾਲੇ ਨਾਲ ਜਾਂਦਾ ਹੁੰਦਾ ਸੀ। ਉਹ ਭਰਤੀ ਹੋਇਆ ਤਾਂ ਭੀਲਾ ਜਾਣ ਲੱਗਿਆ। ਸਾਡੇ ਵਾਲੇ ਤੋਂ ਰੁੱਗ ਪੱਠੇ ਨਾ ਪੈਂਦੇ।

'ਕਹਾਦੇ ਬਣੇ ਇਹ ਚਾਪੜ ਜਿਹੇ। ਨਾ ਅੱਕਣ, ਨਾ ਥੱਕਣ। ਸੁੱਕੀਆਂ ਰੋਟੀਆਂ ਆਸਰੇ..।' ਮੈਂ ਹੈਰਾਨ ਹੁੰਦਾ। ਨਰੈਣਾ ਲੰਘਦਾ ਆਉਂਦਾ ਆਖ ਜਾਂਦਾ, ''ਮੇਜਾ ਸਿਆਂ! ਸੇਮੇ ਨੂੰ ਭੇਜਿਆ ਕਰ ਗਰਾਉਂਡ 'ਚ। ਅਰਜੂ ਨਾਲ ਲੱਗਾ ਰਿਹਾ ਕਰੂ। ਫੌਜ ਕਿਹੜਾ ਮਾੜੀ, ਜੇ ਗੱਲ ਬਣਜੇ ਤਾਂ। ਸਾਰੀ ਉਮਰ ਦੀ ਰੋਟੀ ਐ..।''

ਮੈਂ ਹੂੰ-ਹਾਂ ਕਰ ਛੱਡਦਾ। ਮਨ ਵਿੱਚ ਸੋਚਦਾ, 'ਫੌਜੀ ਤਾਂ ਨਰੈਣੇ ਆਲੇ ਨੂੰ ਈ ਉਡੀਕਦੇ ਨੇ ਜਿਵੇਂ। ਗੱਲਾਂ ਤਾਂ ਇਉਂ ਕਰਦੈ..' ਪਰ ਜਦੋਂ ਅਰਜੂ ਫੌਜ 'ਚ ਭਰਤੀ ਹੋ ਗਿਆ, ਮੈਨੂੰ ਮੇਰੀ ਗੱਲ ਝੂਠੀ ਲੱਗੀ। ਤਿੰਨਾਂ ਕੁ ਸਾਲਾਂ ਵਿੱਚ ਬਹੁਤ ਕੁਝ ਬਦਲ ਗਿਆ। ਨਰੈਣਾ ਦਿਹਾੜੀ ਨਾ ਜਾਂਦਾ। ਉਹਨੇ ਦੋ ਕੁ ਫੰਡਰ ਜਿਹੀਆਂ ਗਾਵਾਂ ਰੱਖ ਲਈਆਂ। ਉਨ੍ਹਾਂ ਦੀ ਸਾਂਭ-ਸੰਭਾਲ ਨੂੰ ਲੱਗਿਆ ਰਹਿੰਦਾ। ਛੋਟੇ ਮੁੰਡੇ ਦਾ ਬੋਰਾਂ ਦਾ ਕੰਮ ਚੰਗਾ ਸੀ। ਉਦੋਂ ਬਾਪੂ ਅਜੇ ਜਿਉਂਦਾ ਸੀ। ਉਹ ਨਰੈਣੇ ਦੀਆਂ ਗੱਲਾਂ ਛੇੜ ਲੈਂਦਾ, ''ਮੁੰਡਿਆਂ ਸੋਹਣਾ ਤੋਰਾ ਤੋਰ ਲਿਆ। ਅਰਜੂ ਨੂੰ ਨੌਕਰ ਹੋਇਆਂ ਦੋ ਕੁ ਮਹੀਨੇ ਹੋ ਗਏ ਹੋਣੇ?'

'ਆਹੋ ਹੋ ਈ ਗਏ। ਨਿੱਕਾ ਵੀ ਚੱਲ ਵਾਹਵਾ ਕਰੀ ਜਾਂਦੈ ਆਵਦਾ..।'' ਫਿਰ ਉਹ ਹੋਰ ਪਿਛਾਂਹ ਚਲਿਆ ਜਾਂਦਾ।

''ਹੌਲਾ ਈ ਸੀ ਜਦੋਂ ਰਲਿਆ ਸੀ ਆਪਣੇ ਨਾਲ ਨਰੈਣਾ। ਘਰ ਦੇ ਜੀਆਂ ਵਾਂਗੂੰ ਰਿਹਾ। ਵਿਹੜੇ ਦੇ ਕੁੱਲ ਘਰਾਂ ਨਾਲੋਂ ਇਹਦੇ ਮੁੰਡੇ ਸਾਊ ਨਿਕਲੇ..।'' ਮੈਨੂੰ ਬਾਪੂ ਦੀਆਂ ਗੱਲਾਂ 'ਤੇ ਖਿਝ ਚੜ੍ਹਨ ਲੱਗਦੀ।

'ਬੁੜ੍ਹੇ ਦੀ ਮੱਤ ਮਾਰੀ ਗਈ। ਘਰ ਦਾ ਕਦੇ ਫਿਕਰ ਨਹੀਂ ਕੀਤਾ। ਉਹਦਾ.. ਬਹੁਤਾ ਹੇਜ ਆਉਂਦਾ ਇਹਨੂੰ।'' ..ਤੇ ਫਿਰ ਜਦੋਂ ਬਾਪੂ ਬਿਮਾਰ ਹੋਇਆ, ਨਰੈਣਾ ਨਿੱਤ ਬਾਪੂ ਦੀ ਖਬਰ ਲੈਣ ਲਈ ਆ ਜਾਂਦਾ। ਦੋ-ਦੋ ਘੰਟੇ ਬੈਠਾ ਰਹਿੰਦਾ।

''ਨਰੈਣਿਆਂ, ਮੁੰਡਿਆਂ ਵਿਹਲਿਆਂ ਕਰਤਾ ਲੱਗਦਾ।'' ਆਪਣੇ ਵੱਲੋਂ ਮੈਂ ਉਹਦੇ ਵਿਹਲੇ ਬੈਠਣ 'ਤੇ ਤਨਜ਼ ਕਰਦਾ।

''ਬਥੇਰੇ ਹੱਡ ਭੰਨੇ ਭਾਊ! ਚਲੋ ਧੀਆਂ ਪੁੱਤਾਂ ਦੇ ਸਿਰ 'ਤੇ ਸੁੱਖ ਸਹੀ। ਆਵਦੇ ਜੋਗਾ ਕਰ ਲਈਦਾ। ਕਿਸੇ ਦੇ ਹੱਥਾਂ ਵੱਲ ਝਾਕਣਾ ਵੀ ਔਖਾ, ਤੂੰ ਸਿਆਣਾ।''

ਮੈਂ ਕਦੇ ਨਰੈਣੇ ਵੱਲ ਵੇਖਦਾ ਕਦੇ ਆਪਣੇ ਵੱਲ। ਤਰਸੇਮ ਬਾਰ੍ਹਵੀਂ ਤੋਂ ਅੱਗੇ ਨਾ ਗਿਆ। ਪੱਠਿਆਂ ਵਾਲਾ ਟੋਕਰਾ ਚੁੱਕੀ ਪਸ਼ੂਆਂ ਵੱਲ ਜਾਂਦਾ ਮੈਂ ਖਿਝਣ ਲੱਗਦਾ, ''ਲੋਕਾਂ ਦੇ ਵੀ ਜਵਾਕ ਐ। ਲੱਤ ਦਿੱਤਿਆਂ ਪਾਣੀ ਆਉਂਦਾ..।'' ਪਰ ਮੈਨੂੰ ਤਰਸੇਮ ਦੇ ਵਿਹਲੇ ਫਿਰਨ ਨਾਲੋਂ ਨਰੈਣੇ ਦੇ ਮੁੰਡਿਆਂ ਦਾ ਕੰਮ ਕਰਦੇ ਹੋਣਾ ਵਧੇਰੇ ਤੰਗ ਕਰਦਾ। ..ਤੇ ਨਰੈਣੇ ਦਾ ਮੇਰੇ ਘਰ ਦੇ ਐਨ ਸਾਹਮਣੇ ਥਾਂ ਲੈ ਲੈਣਾ ਉਸ ਤੋਂ ਵੀ ਕਿਤੇ ਵੱਧ ਪ੍ਰੇਸ਼ਾਨ ਕਰਦਾ।

'ਖਰੈਤੀ ਨੂੰ ਹੋਰ ਕੋਈ ਗਾਹਕ ਨਾ ਲੱਭਾ ਇੰਨੇ ਵੱਡੇ ਪਿੰਡ 'ਚ। ਪਤਾ ਹੁੰਦਾ ਤਾਂ ਮੈਂ ਹੀ ਅੱਗ ਫੱਕ ਲੈਂਦਾ।' ਪਰ ਜਦੋਂ ਤਿੰਨ ਕੁ ਸਾਲ ਥਾਂ ਵਿਹਲੀ ਪਈ ਰਹੀ, ਮੈਨੂੰ ਅੰਦਰੋ-ਅੰਦਰ ਅਸੀਮ ਖੁਸ਼ੀ ਮਿਲਦੀ ਰਹੀ।

'ਘਰ ਬਣਾਉਣੇ ਕਿਤੇ ਸੌਖੇ ਪਏ ਨੇ।' ਮੈਂ ਮਨ ਵਿੱਚ ਸੋਚਦਾ। ਕਦੇ ਆਪਣੇ ਘਰ ਵੱਲ ਨੂੰ ਦੇਖਦਾ। ਬਾਪੂ ਵਾਰੇ ਦਾ ਬਣਿਆ ਪੂਰਾ ਘਰ। ਨਰੈਣੇ ਦੇ ਦੋ ਕਮਰਿਆਂ ਅੱਗੇ ਵੀ ਛੋਟਾ-ਛੋਟਾ ਲੱਗਦਾ। ਉਹਦਾ ਘਰ ਬਣਾ ਰਹੇ ਮਿਸਤਰੀ ਮੈਨੂੰ ਇਉਂ ਲੱਗਦਾ ਜਿਵੇਂ ਮੇਰਾ ਘਰ ਢਾਹ ਰਹੇ ਹੋਣ। ਮੈਂ ਬਾਹਰਲਾ ਗੇਟ ਬੰਦ ਰੱਖਦਾ। ਸਾਹਮਣੇ ਤੁਰੇ ਫਿਰਦੇ ਮਿਸਤਰੀ ਮਜ਼ਦੂਰ ਮੈਨੂੰ ਜ਼ਹਿਰ ਵਰਗੇ ਲੱਗਦੇ।

''ਦਿਨਾਂ 'ਚ ਲੈ ਗਏ ਲੈਂਟਰ ਤੀਕ। ਲੱਗਦੈ ਮਿਸਤਰੀ ਤਾਂ ਬਾਹਲੇ ਛੋਹਲੇ ਐ। ਮੈਂ ਕੋਠੇ 'ਤੇ ਕੱਪੜੇ ਪਾਉਣ ਗਈ ਨੇ ਵੇਖਿਆ। ਰਸੋਈ ਵੀ ਖੁੱਲ੍ਹੀ ਛੱਤੀ ਲੱਗਦੀ ਵਾਹਵਾ।'' ਮੇਰੀ ਪਤਨੀ ਦੀ ਗੱਲ ਮੈਨੂੰ ਉਸ ਤੋਂ ਵੀ ਜ਼ਹਿਰੀ ਲੱਗੀ ਸੀ।

''ਬਿਠਾ ਲਉ ਕਮੀਣ ਨੂੰ ਸਿਰ 'ਤੇ..।'' ਮੈਂ ਬੁੜਬੁੜਾਇਆ, ਪਰ ਉਹਨੂੰ ਮੇਰੀ ਗੱਲ ਨਹੀਂ ਸੁਣੀ। ਉਹ ਰਸੋਈ 'ਚ ਜਾ ਕੇ ਆਪਣਾ ਕੰਮ ਕਰਨ ਲੱਗੀ, ਪਰ ਮੇਰਾ ਚਿੱਤ ਕਿਸੇ ਕੰਮ ਨਾ ਲੱਗਦਾ। ਆਨੇ ਬਹਾਨ ਨਰੈਣਾ ਸਾਡੇ ਵੱਲੋ ਆ ਵੜਦਾ। ਮੈਨੂੰ ਮਿਸਤਰੀਆਂ ਕੋਲ ਗੇੜਾ ਮਾਰਨ ਨੂੰ ਆਖਦਾ।

''ਬੜਾ ਫਰਕ ਪੈਂਦਾ ਮੇਜਾ ਸਿਆਂ! ਅਗਲੇ ਨੂੰ ਵੀ ਪਤਾ ਹੁੰਦਾ ਬਈ ਘਰ ਦਾ ਕੋਈ ਜੀਅ ਸਿਰ 'ਤੇ ਹੈਗਾ। ਮੈਨੂੰ ਤਾਂ ਤੈਨੂੰ ਪਤਾ ਸੌ ਭੱਜ-ਨੱਸ ਪਈ ਹੁੰਦੀ ਐ।'' ਫਿਰ ਉਹ ਖੁਦ ਹੀ ਬੋਲੀ ਜਾਂਦਾ।

''ਚੱਲ ਚਹੁੰ ਦਿਨਾਂ ਦਾ ਖਪਾ ਏ, ਫੇਰ ਅਰਾਮ ਨਾਲ ਬੈਠਾਂਗੇ..।'' ਨਰੈਣੇ ਦਾ ਆਰਾਮ ਮੈਨੂੰ ਬੇਆਰਾਮ ਕਰੀ ਰੱਖਦਾ। ਉਹਦਾ ਮੈਨੂੰ 'ਘਰ ਦਾ ਜੀਅ' ਦੱਸਣਾ, ਮੈਨੂੰ ਹੋਰ ਕੁਸੈਲਾ ਕਰ ਦਿੰਦਾ। ਕਦੇ-ਕਦੇ ਮੈਂ ਇੱਕਲਾ ਬੈਠਾ ਸੋਚਦਾ। ਮੈਨੂੰ ਸਮਝ ਨਾ ਆਉਂਦੀ ਨਰੈਣਾ ਮੈਨੂੰ ਅੰਦਰੋ-ਅੰਦਰ ਬੇਆਰਾਮ ਕਿਉਂ ਕਰੀ ਜਾਂਦਾ ਹੈ। ਲੈਂਟਰ ਵਾਲੇ ਦਿਨ ਨਰੈਣੇ ਵੱਲੋਂ ਆਏ ਮਿੱਠੇ ਚੌਲ ਮੈਂ ਪਸ਼ੂਆਂ ਅੱਗੇ ਸੁੱਟਵਾ ਦਿੱਤੇ। ਇੰਜ ਕਰਕੇ ਜਿਵੇਂ ਮੇਰੇ ਮਨ ਨੂੰ ਸਕੂਨ ਮਿਲਿਆ ਹੋਵੇ। ਕਦੇ ਏਦਾਂ ਦੀ ਬੇਆਰਾਮੀ ਤਾਰੀ ਨੇ ਪੈਦਾ ਕੀਤੀ ਸੀ। ਬਾਪੂ ਜਿਉਂਦਾ ਸੀ।

ਉਦੋਂ। ਤਾਰੀ ਪਿੰਡੋਂ ਉਠ ਕੇ ਖੇਤ ਜਾ ਬੈਠਾ। ਨਵਾਂ ਘਰ ਪਾ ਲਿਆ। ਕਦੇ-ਕਦੇ ਸਾਡੇ ਵੱਲ ਗੇੜਾ ਮਾਰਦਾ। ਘਰ ਦੀਆਂ ਗੱਲਾਂ ਕਰਨ ਲੱਗਦਾ। ਆਖਦਾ, ''ਮੇਜਾ ਸਿਆਂ! ਊਈ ਜ਼ਮਾਨਾ ਈ ਐਸਾ ਆ ਗਿਆ। ਪੱਲੇ ਕਿਸੇ ਦੇ ਕੁਝ ਹੈਗਾ ਜਾਂ ਨਈ, ਇਹ ਨਹੀਂਉ ਵੇਖਦਾ ਕੋਈ। ਹਿਸਾਬ ਲਾ ਲੈ ਭਾਵੇਂ। ਜਵਾਕਾਂ ਨੂੰ ਬੋਲਣ ਦੀ ਮੱਤ ਨਹੀਂ। ਬਹਿਣਾ-ਉਠਣਾ ਆਉਂਦਾ ਨਹੀਂ, ਪਰ ਵੇਖ ਲਾ ਸਾਰੇ ਪਿੰਡ ਦੇ ਜਵਾਕ ਸ਼ਹਿਰ ਨੂੰ ਜਾਂਦੇ ਪੜ੍ਹਨ। ਚਾਰ-ਪੰਜ ਸਕੂਲਾਂ ਦੀਆਂ ਗੱਡੀਆਂ ਆਉਂਦੀਆਂ ਨੇ ਆਪਣੇ ਪਿੰਡ। ਜਵਾਕ ਐਨ ਟੱਲੀ ਵਾਂਗੂ ਟਣਕੇ ਹੁੰਦੇ ਸਵੇਰ ਨੂੰ। ਹੋਰ ਵੇਖ ਲਾ.. ਕੁੜੀਆਂ ਅੱਜਕੱਲ੍ਹ ਦੀਆਂ.. ਚਹੁੰ ਜੀਆਂ ਦੀ ਰੋਟੀ ਪਕਾਉਣ ਜੋਗੀਆਂ ਨਹੀਂ, ਪਰ ਅਗਲਾ ਗੋਰਾ ਚੰਮ ਜ਼ਰੂਰ ਵੇਖਦਾ। ਉਹ ਸੁਣੀ ਤੂੰ ਢਿੱਡਲਾਂ ਦੀ ਨਹੂੰ। ਕਹਿੰਦੇ ਸਾਰਾ ਟੱਬਰ ਗੋਡਿਆਂ ਥੱਲੇ ਕੀਤਾ ਪਿਆ ਉਹਨੇ। ਲੋਕ ਪਤਾ ਕੀ ਕਹਿੰਦੇ ਸੀ ਜਦੋਂ ਢਿੱਡਲਾਂ ਨੇ ਮੁੰਡੇ ਵਿਆਹਿਆ ਸੀ। ਅਖੇ, ਉਹ ਤਾਂ ਨਿਰੀ ਫਿਲਮਾਂ ਵਾਲੀਆਂ ਵਰਗੀ ਆ। ਮਤਲਬ ਇਹ ਨਿਕਲਦਾ ਸਾਰੀਆਂ ਗੱਲਾਂ ਦਾ ਵੀ ਜਈ-ਤਈ ਮਰਾਵੇ ਸਾਰਾ ਕੁਝ। ਬੰਦੇ ਦੀ ਠੁੱਕ ਚਾਹੀਦੀ ਚਾਰੇ ਪਾਸੇ।'' ਮੈਨੂੰ ਉਹਦਾ ਇਹ ਉਪਦੇਸ਼ ਉਦੋਂ ਸਮਝ ਆਉਂਦਾ ਜਦੋਂ ਉਹ ਆਪਣਾ ਚੱਲਦਾ ਪ੍ਰਵਚਨ ਘਰ ਨਾਲ ਜੋੜ ਲੈਂਦਾ।

''ਅੱਜਕੱਲ੍ਹ ਘਰ ਬੂਹਾ ਹੀ ਦੇਖਦਾ ਅਗਲਾ। ਭੜੋਲੇ ਦੇ ਦਾਣੇ ਮੋਏ ਪੁੱਛਦੇ ਐ! ਅਸੀਂ ਤਾਂ ਹੀ ਬਾਰਾਂ ਲੱਖ ਖਰਚਤਾ ਭਾਈ। ਕੱਲ੍ਹ ਨੂੰ ਮੁੰਡੇ ਵੀ ਮੰਗਣੇ ਵਿਆਹੁਣੇ। ਜੱਟਾਂ-ਬੂਟਾਂ ਆਲਾ ਕੰਮ ਹੈਨੀ ਹੁਣ।''

ਤਾਰੀ ਮੇਰੇ ਤਾਏ ਦਾ ਪੁੱਤ ਭਾਈ ਹੈ। ਉਹਦੀਆਂ ਐਸੀਆਂ ਗੱਲਾਂ ਸੁਣ ਕੇ ਮੈਨੂੰ ਘੁੰਮੇਰ ਜਿਹੀ ਚੜ੍ਹਨ ਲੱਗੀ। ਲੱਗਦਾ ਤਾਰੀ ਆਪਣੀ ਨਵੀਂ ਕੋਠੀ ਦੀ ਗੱਲ ਨਹੀਂ ਕਰਦਾ ਸਗੋਂ ਮੇਰੇ ਪੁਰਾਣੇ ਘਰ ਵੱਲ ਦੇਖ ਕੇ ਮੈਨੂੰ ਜੱਟ-ਬੂਟ ਦੱਸਦਾ ਹੈ। ਤਾਰੀ ਦੇ ਮੁੰਡੇ ਦੇ ਵਿਆਹ 'ਤੇ ਮੈਨੂੰ ਓਪਰ-ਓਪਰਾ ਜਿਹਾ ਲੱਗਦਾ ਰਿਹਾ। ਸਾਰੇ ਵਿਆਹ ਵਿੱਚ ਮੈਂ ਪਿੱਛੇ-ਪਿੱਛੇ ਰਿਹਾ। ਤਾਰੀ ਮੁੰਡਿਆਂ ਨਾਲ ਨੱਚਦਾ। ਨੋਟ ਵਾਰ-ਵਾਰ ਸੁੱਟਦਾ। ਮੈਨੂੰ ਵੀ ਧੂਹ ਕੇ ਸਟੇਜ 'ਤੇ ਲੈ ਗਿਆ।

''ਚਾਚਾ ਲੁਕਦਾ ਫਿਰਦਾ ਐ। ਆ ਜਾ ਮਾਰ ਬੜ੍ਹਕ ਪਤਾ ਲੱਗੇ।'' ਮੈਨੂੰ ਇੱਕ ਪਲ ਲਈ ਜੋਸ਼ ਆ ਗਿਆ। ਜੇਬ੍ਹ ਵਿੱਚ ਪਾਏ ਦਸਾਂ-ਦਸਾਂ ਦੇ ਨਵੇਂ ਨੋਟ ਕੱਢ ਕੇ ਮੈਂ ਹਵਾ ਵਿੱਚ ਉਛਾਲ ਦਿੱਤੇ। ਤਾਰੀ ਨੇ ਜ਼ਮੀਨ ਗਹਿਣੇ ਧਰ ਕੇ ਵਿਆਹ ਕੀਤਾ ਸੀ। ਨਵੀਂ ਪਾਈ ਕੋਠੀ ਰੰਗ-ਬਿਰੰਗੀਆਂ ਲਾਈਟਾਂ ਨਾਲ ਸਜਾਈ ਸੀ। ਕਈ ਦਿਨ ਤਾਰੀ ਦੇ ਮੁੰਡੇ ਦਾ ਵਿਆਹ ਮੇਰੇ ਅੰਦਰ ਖੌਰੂ ਪਾਉਂਦਾ ਰਿਹਾ। ਮੈਨੂੰ ਇਉਂ ਲੱਗਦਾ ਮੇਰੇ ਸਾਹਮਣੇ ਮੈਂ ਬੈਠਾ, ਮੇਰੀ ਬੈਚੇਨੀ ਦੀਆਂ ਗੱਲਾਂ ਕਰ ਰਿਹਾ ਹੋਵਾਂ।

'ਇਹੋ ਜਿਹੀਆਂ ਚਾਰ ਕੋਠੀਆਂ ਤੂੰ ਵੀ ਛੱਤ ਲੈ ਭਾਵੇਂ। ਕਰਜ਼ੇ ਦਾ ਪਹਾੜ ਚੁੱਕੀ ਫਿਰਦਾ ਅਗਲਾ ਸਿਰ 'ਤੇ। ਮੁੰਡੇ ਦੇ ਵਿਆਹ 'ਤੇ ਜ਼ਮੀਨ ਗਹਿਣੇ ਧਰੀ। ਤੂੰ ਕਾਣੀ ਕੌਡੀ ਨਹੀਂ ਦੇਣੀ ਕਿਸੇ ਦੀ।' ਜਦੋਂ ਮੈਂ ਇਸ ਗੱਲ ਨਾਲ ਸਹਿਮਤ ਹੁੰਦਾ, ਉਸੇ ਵੇਲੇ ਜਿਵੇਂ ਕੋਈ ਹੋਰ ਮੇਰੇ ਅੰਦਰ ਬੋਲਦਾ। 'ਕਰਜ਼ੇ ਤਾਂ ਚੜ੍ਹਦੇ ਉਤਰਦੇ ਰਹਿੰਦੇ ਨੇ। ਤੂੰ ਨੀ ਮੁੰਡਾ ਵਿਆਹੁਣਾ ਕੱਲ੍ਹ ਨੂੰ? ਘਰ ਬੂਹਾ ਸਵਾਰ ਲੈ। ਕਿਹੜੇ ਹਿੱਕ 'ਤੇ ਰੱਖ ਲਿਜਾਣਾ ਕੁਝ।' ਮੈਨੂੰ ਸੰਵਾਰ ਕੇ ਨੀਂਦ ਨਾ ਆਉਂਦੀ। ਬਿਮਾਰਾਂ ਵਾਂਗ ਮੰਜੇ ਨਾਲ ਲੱਗਿਆ ਰਹਿੰਦਾ। ਤਾਰੀ ਦੇ ਮੁੰਡੇ ਦਾ ਵਿਆਹ ਦਿਮਾਗ 'ਚੋਂ ਨਾ ਨਿਕਲਦਾ। ਮੈਂ ਡਾਕਟਰ ਕੋਲੋਂ ਗੋਲੀਆਂ ਲੈ ਕੇ ਖਾਂਦਾ। ਡਾਕਟਰ ਆਖਦਾ ਤੈਨੂੰ ਟੈਨਸ਼ਨ ਹੋ ਗਈ ਹੈ। ਦਵਾਈ ਖਾ ਕੇ ਨੀਂਦ ਆ ਜਾਂਦੀ।

ਨਰੈਣਾ ਨਵੇਂ ਘਰ 'ਚ ਆ ਵਸਿਆ। ਮਹੂਰਤ ਵਾਲੇ ਦਿਨ ਸੰਗਤ ਵਿੱਚ ਬੈਠਾ ਮੈਂ ਅੰਦਰ ਹੀ ਅੰਦਰ ਕੁੜ੍ਹਦਾ ਰਿਹਾ। ਰਾਗੀ ਸ਼ਬਦ ਪੜ੍ਹਨ ਲੱਗਾ:

''ਲੱਖ ਖੁਸ਼ੀਆਂ ਪਾਤਸ਼ਾਹੀਆਂ..।'' ਮੈਂ ਅਰਦਾਸ ਹੋਣ ਤੋਂ ਪਹਿਲਾਂ ਹੀ ਘਰ ਆ ਗਿਆ।

ਵਿਸਾਖ ਚੜ੍ਹ ਗਿਆ ਸੀ। ਧੁੱਪ ਪਿੰਡੇ ਨੂੰ ਖਾਂਦੀ, ਪਰ ਮੈਂ ਧੁੱਪੇ ਮੰਜਾ ਡਾਹ ਕੇ ਪੈ ਗਿਆ। ਉਤੇ ਚਾਦਰ ਤਾਣ ਲਈ। ਜਦੋਂ ਨੀਂਦ ਖੁੱਲ੍ਹੀ ਮੇਰੀ ਪਤਨੀ ਚਾਹ ਦਾ ਗਲਾਸ ਲਈ ਸਿਰਹਾਣੇ ਖੜ੍ਹੀ ਸੀ। ਦਿਨ ਢਲਣ ਲੱਗਾ, ਪਰ ਮੇਰੀ ਬੈਚੇਨੀ ਪੈਰੋ-ਪੈਰ ਵਧਦੀ ਤੁਰੀ ਗਈ। ਮੈਨੂੰ ਅਰਜੂ ਦੇ ਵਿਆਹ ਦਾ ਫਿਕਰ ਪੈ ਗਿਆ। ਤਾਰੀ ਦੇ ਮੁੰਡੇ ਦੀ ਬੈਚੇਨੀ ਅਜੇ ਉਤਰੀ ਨਹੀਂ ਸੀ ਕਿ ਮੈਨੂੰ ਅਰਜੂ ਦੇ ਵਿਆਹ ਦਾ ਡਰ ਆਉਣ ਲੱਗਾ। ਮੈਂ ਨਹੀਂ ਸੀ ਚਾਹੁੰਦਾ ਕਿ ਅਰਜੂ ਦਾ ਰਿਸ਼ਤਾ ਹੋਵੇ। ਵਿਹੜੇ ਦਾ ਕੋਈ ਬੰਦਾ ਜਦੋਂ ਕਦੇ ਸਾਡੇ ਖੇਤ ਦਿਹਾੜੀਆਂ ਜਾਂਦਾ, ਮੈਂ ਜਾਣ-ਬੁੱਝ ਕੇ ਨਰੈਣੇ ਦੇ ਮੁੰਡਿਆਂ ਦੀ ਗੱਲ ਛੇੜ ਬੈਠਦਾ, ''ਫੌਜ ਦੇ ਮੂੰਹ ਨੂੰ ਸਾਕ ਤਾਂ ਭਾਵੇਂ ਸੌ ਵਾਰ ਹੋ ਜਾਏ। ਟੱਬਰ ਹੈਨੀ ਊਂ ਇਹ ਕਾਸੇ ਜੋਗਾ। ਦਲੀਲ ਦੇ ਹੌਲੇ ਈ ਨੇ। ਬੀਰੋ ਦੀ ਜ਼ੁਬਾਨ ਤਾਂ ਟੋਕੇ ਵਾਂਗ ਚਲਦੀ ਐ। ਭਰਾ ਮੇਰਿਆ, ਥੋਡੇ ਨਾਲ ਵੀ ਸੂਤ ਏ। ਐਵੇਂ ਨਾ ਸਕੀਰੀ 'ਚੋਂ ਸਾਕ ਕਰਾਉਂਦਾ ਫਿਰੀਂ..'' ਇਹੀ ਗੱਲ ਮੈਂ ਵਿਹੜੇ ਦੇ ਕਈ ਬੰਦਿਆਂ ਕੋਲ ਕੀਤੀ। ਇਉਂ ਕਰਕੇ ਜਿਵੇਂ ਮੇਰੇ ਮਨ ਨੂੰ ਸ਼ਾਂਤੀ ਮਿਲਦੀ ਹੋਵੇ। ਪਰ ਉਹ ਤਾਂ ਵਿਹੜੇ ਦੇ ਕੁੱਲ ਮੁੰਡਿਆਂ ਨਾਲੋਂ ਚੰਗਾ ਸੀ। ਫੌਜ ਦੀ ਨੌਕਰੀ ਸੀ। ਨੌਕਰੀ ਤਾਂ ਏਸ ਯੁੱਗ ਵਿੱਚ ਬੰਦਾ ਮਾਰਿਆਂ ਨਹੀਂ ਲੱਭਦੀ। ਉਹ ਛੁੱਟੀ ਆਇਆ, ਬਣ-ਤਣ ਕੇ ਪਿੰਡ ਵਿੱਚ ਫਿਰਦ। ਕੋਲੋਂ ਲੰਘਦਾ ਤਾਂ ਚੁਫੇਰੇ ਮਹਿਕ ਫੈਲ ਜਾਂਦੀ। 'ਜਿੰਨਾ ਕਦੇ ਮੂੰਹ ਨਹੀਂ ਸੀ ਧੋਤਾ.. ' ਮੈਂ ਗਾਲ੍ਹ ਕੱਢ ਇਉਂ ਸੋਚਦਾ ਜਿਵੇਂ ਅਰਜੂ ਦੀ ਫੈਲਾਈ ਖੁਸ਼ਬੂ ਕਿੱਧਰੇ ਉਡ-ਪੁੱਡ ਗਈ ਹੋਵੇ। ਜਾਣਦਾ ਸਾਂ ਅਰਜੂ ਦਾ ਰਿਸ਼ਤਾ ਨਹੀਂ ਅੜਦਾ। ਮੈਂ ਚੱਤੋ-ਪਹਿਰ ਸੁਰਤ ਰੱਖਦਾ, ਪਰ ਕਿਧਰੇ ਵੀ ਅਰਜੂ ਦੇ ਰਿਸ਼ਤੇ ਬਾਰੇ ਕੋਈ ਕਨਸੋਅ ਨਾ ਮਿਲਦੀ। ਕਦੇ ਮੈਨੂੰ ਲੱਗਦਾ ਕਿ ਮੈਂ ਪਾਗਲ ਹੋਈ ਜਾਂਦਾ ਹਾਂ। ਬਿਨਾਂ ਸਿਰ ਪੈਰ ਦੀਆਂ ਗੱਲਾਂ ਸੋਚਦਾ। ..ਤੇ ਜਦੋਂ ਅਰਜੂ ਨੂੰ ਦੇਖਣ ਵਾਲੇ ਆਏ ਮੈਂ ਵਾਰ-ਵਾਰ ਬੂਹੇ ਅੱਗੇ ਖੜ੍ਹ ਕੇ ਨਰੈਣੇ ਦੇ ਘਰ ਵੱਲ ਦੇਖਦਾ ਰਿਹਾ। ਆਥਣੇ ਨਰੈਣੇ ਦੀ ਘਰਵਾਲੀ ਲੱਡੂ ਦੇ ਕੇ ਗਈ, ਸਵੇਰ ਦੀ ਮਨ ਨੂੰ ਲੱਗੀ ਅੱਚਵੀ ਹੋਰ ਗੂੜ੍ਹੀ ਹੋ ਗਈ।

ਮੈਂ ਖੁਦ ਨੂੰ ਤਸੱਲੀ ਦੇਣ ਖਾਤਰ ਹੀ ਜਿੰਦਾਂ ਪੁੱਛ ਲਿਆ ਸੀ, ''ਕਾਹਦੇ ਲੱਡੂ ਵੰਡੀ ਜਾਂਦੀ ਐ ਬੀਰੋ।'' ਬੀਰੋ ਦੀਆਂ ਵਰਾਛਾਂ ਖਿੜੀਆਂ ਹੋਈਆਂ ਸਨ। ਉਹਨੇ ਹੋਰ ਹੁੱਬ ਕੇ ਦੱਸਿਆ, ''ਆਪਣੇ ਅਰਜੂ ਨੂੰ ਰੋਕ ਗਏ। ਸੂਟ ਸਵਾ ਛੱਡ ਨਵਾਂ। ਅੱਸੂ ਦੀ ਸਿੱਧਾ ਵਿਆਹ ਈ ਲੈ ਲੈਣਾ ਆਪਾਂ।'' ਮੈਂ ਉਹਨੂੰ ਵਧਾਈ ਨਾ ਦਿੱਤੀ। ਇਉਂ ਲੱਗਿਆ ਜਿਵੇਂ ਕੋਈ ਬਹੁਤੀ ਤੱਤੀ ਚੀਜ਼ ਖਾ ਕੇ ਹਿੱਕ ਮੱਚਣ ਲੱਗੀ ਹੋਵੇ। ਹੋਰ ਦੋ ਸਾਲਾਂ ਨੂੰ ਤਰਸੇਮ ਦਾ ਵੀ ਕੋਈ ਬੰਨ੍ਹ-ਸੁੱਬ ਕਰਨਾ। ਮੇਰਾ ਜੀਅ ਕਰਦਾ ਸੀ। ਅੱਜ ਈ ਤਰਸੇਮ ਨੂੰ ਵਿਆਹ ਲਵਾਂ।

..ਤੇ ਜਦੋਂ ਅਰਜੂ ਦੇ ਵਿਆਹ ਦਾ ਡੀ ਜੇ ਵੱਜਿਆ, ਮੇਰੇ ਕੰਨਾਂ ਵਿੱਚ ਜਿਵੇਂ ਪਾਰਾ ਘੁਲਣ ਲੱਗਿਆ। ਮੈਂ ਦੋ ਕੁ ਪੈਗ ਪਹਿਲਾਂ ਹੀ ਲਾਈ ਬੈਠਾ ਸੀ। ਨਰੈਣਾ ਮੱਲੋ-ਜ਼ੋਰੀ ਖਿੱਚ ਕੇ ਆਪਣੇ ਵੱਲ ਲੈ ਗਿਆ। ਵਿਹੜੇ 'ਚੋਂ ਨਰੈਣੇ ਦੇ ਸ਼ਰੀਕੇ ਦੇ ਬੰਦੇ ਬੈਠੇ ਦਾਰੂ ਪੀ ਰਹੇ ਸਨ। ਮੈਂ ਵੀ ਨਾਲ ਬੈਠ ਕੇ ਦਾਰੂ ਪੀਣ ਲੱਗਿਆ। ਜਦੋਂ ਵਾਹਵਾ ਤਰਾਰਾ ਜਿਹਾ ਬੱਝ ਗਿਆ ਡੀ ਜੇ 'ਤੇ ਨੱਚਦੇ ਲੋਕ ਮੈਨੂੰ ਭੈੜੇ ਜਿਹੇ ਲੱਗਣ ਲੱਗੇ। ਮੈਂ ਘਊਂ ਜਿਹਾ ਬਣਿਆ ਉਨ੍ਹਾਂ ਵੱਲ ਝਾਕਣ ਲੱਗਿਆ। ਅਚਾਨਕ ਪਤਾ ਨਹੀਂ ਕੀ ਹੋਇਆ ਕਿ ਮੈਂ ਉਠ ਕੇ ਗਾਲ੍ਹਾਂ ਕੱਢਣ ਲੱਗਿਆ। ਰੂੜੇ ਪੈਂਚ ਨੂੰ ਮੈਂ ਗਲਮੇ ਤੋਂ ਫੜ ਲਿਆ,

''..ਝਾਕਦਾ ਕਿੱਦਾਂ ਤੂੰ..।''

''ਮੈਂ ਤੈਨੂੰ ਕੀ ਕਹਿਤਾ ਯਾਰ! ਊਈਂ ਖੇੜਨ ਆ ਗਿਆ ਮੇਰੇ 'ਤੇ..।'' ਰੂੜਾ ਪਹਿਲਾਂ ਤਾਂ ਚੁੱਪ ਕੀਤਾ ਰਿਹਾ, ਫਿਰ ਸਾਡੀ ਤੂੰ-ਤੂੰ ਮੈਂ-ਮੈਂ ਛਿੜ ਪਈ। ਮੇਜ਼ 'ਤੇ ਪਿਆ ਮੀਟ ਵਾਲਾ ਕੌਲਾ ਮੂਧਾ ਹੋ ਗਿਆ। ਕੱਚ ਦੀਆਂ ਗਲਾਸੀਆਂ ਭੁੰਜੇ ਡਿੱਗ ਕੇ ਟੁੱਟ ਗਈਆਂ।

''ਯਾਰ ਆਪਾਂ ਭਾਈ ਆਂ। ਰੌਲਾ ਪਾਉਂਦੇ ਚੰਗੇ ਲੱਗੀਦਾ?'' ਨਰੈਣਾ ਮੈਨੂੰ ਧੂਹ ਕੇ ਪਰ੍ਹੇ ਲੈ ਗਿਆ। ਉਹਨੂੰ ਵਿਆਹ ਵਿੱਚ ਪੈਂਦੀ ਬੇ-ਰਸੀ ਦਿਸ ਗਈ ਸੀ। ਬੇ-ਰਸੀ ਹੀ ਮੈਂ ਪਾਉਣੀ ਸੀ। ਪਰ ਰੂੜੇ ਨੂੰ ਵੀ ਉਹਦਾ ਮੁੰਡਾ ਘਰ ਨੂੰ ਲੈ ਗਿਆ। ਬੰਦ ਹੋਇਆ ਡੀ ਜੇ ਫੇਰ ਵੱਜਣ ਲੱਗਾ। ਰਾਤ ਕੌਣ, ਕਦੋਂ ਮੈਨੂੰ ਘਰ ਛੱਡ ਕੇ ਗਿਆ ਮੈਨੂੰ ਕੋਈ ਸੁਰਤ ਨਹੀਂ ਸੀ। ਸਵੇਰੇ ਜਦੋਂ ਮੈਂ ਉਠਿਆ, ਅਰਜੂ ਦੀ ਬਰਾਤ ਚੜ੍ਹ ਗਈ ਸੀ। ਸਾਰਾ ਦਿਨ ਸਿਰ ਗੱਡੇ ਵਰਗਾ ਬਣਿਆ ਰਿਹਾ। ਮੈਂ ਕਿਸੇ ਨਾਲ ਵੀ ਨਾ ਬੋਲਿਆ। ਤਰਸੇਮ ਬਰਾਤੇ ਚਲਾ ਗਿਆ।

***

ਘਰੇ ਫਿਰਦੀ ਅਰਜੂ ਦੀ ਬਹੂ ਮੈਂ ਜਦ ਦੇਖਦਾ, ਇਉਂ ਲੱਗਦਾ ਜਿਵੇਂ ਸਾਰਾ ਕੁਝ ਬਦਲ ਗਿਆ ਹੋਵੇ। ਬੀਰੋ ਲੰਘਦੀ ਵੜਦੀ ਘਰੋੜ-ਘਰੋੜ ਗੱਲਾਂ ਕਰਦੀ। ਨਰੈਣਾ ਮੌਜ ਵਿੱਚ ਰਹਿੰਦਾ। ਧੋਤੇ ਕੱਪੜੇ ਪਾਉਂਦਾ। ਪੱਕੀ ਰੋਟੀ ਖਾਂਦਾ। ਮੈਨੂੰ ਭਾਈ-ਭਾਈ ਕਰਦਾ। ਜੱਟ ਤੇ ਸੀਰੀ ਭਾਈ ਨਹੀਂ ਹੁੰਦੇ। ਮੈਂ ਮਨ ਵਿੱਚ ਨਰੈਣੇ ਨੂੰ ਮੋਟੀ ਸਾਰੀ ਗਾਲ੍ਹ ਕੱਢ ਕੇ ਖੁਦ ਨੂੰ ਸ਼ਾਂਤ ਕਰ ਲੈਂਦਾ। ਕਦੇ ਲੱਗਦਾ ਜੇ ਉਹ ਮੇਰਾ ਲੱਗਦਾ ਕੁਝ ਨਹੀਂ ਤਾਂ ਫੇਰ ਉਹਦੇ ਨਾਲ ਮੇਰਾ ਸ਼ਰੀਕਾ ਕਾਹਦਾ। ਜਦੋਂ ਦਾ ਨਰੈਣਾ ਮੈਨੂੰ ਭੈੜਾ ਲੱਗਣਾ ਲੱਗਿਆ, ਉਦੋਂ ਦਾ ਮੈਨੂੰ ਤਾਰੀ ਚੰਗਾ ਲੱਗਣ ਲੱਗਿਆ। ਝੋਨਾ ਵੇਚ ਕੇ ਮੈਂ ਨਵਾਂ ਘਰ ਬਣਾਉਣ ਦੀ ਸਲਾਹ ਬਣਾ ਲਈ। ਮੈਨੂੰ ਤਾਰੀ ਦੀ ਗੱਲ ਯਾਦ ਆਉਂਦੀ। ਮੈਂ ਸੋਚਦਾ ਹੋਰ ਸਾਲ ਨੂੰ ਤਰਸੇਮ ਨੂੰ ਮੰਗਣਾ-ਵਿਆਹੁਣਾ ਐ। ਜ਼ਮਾਨੇ ਮੁਜਬ ਚੱਲਣਾ ਚਾਹੀਦਾ ਹੈ। ਤੇਗਾ ਮਿਸਤਰੀ ਨੀਂਹ ਧਰਨ ਲਈ ਆ ਗਿਆ। ਦਿਹਾੜੀਆਂ ਚਾਕ ਕਹੀ ਦੇ ਟੱਕ ਮਾਰਦਾ ਤੇ ਹਫਣ ਲੱਗਦਾ। ਡੂੰਘੇ-ਡੂੰਘੇ ਸਾਹ ਲੈਂਦਾ। ਤਰਸੇਮ ਇੱਟਾਂ ਦੀ ਤਰਾਈ ਕਰਦਾ। ਮੈਂ ਮਿਸਤਰੀ ਦੇ ਸਿਰਹਾਣੇ ਖੜ੍ਹਾ ਸਾਂ।

''ਇਉਂ ਕੱਛਾਂ 'ਚ ਹੱਥ ਦਿੱਤਿਆਂ ਘਰ ਨਹੀਂ ਬਣਦੇ ਮੇਜਾ ਸਿਆਂ। ਘਰ ਵਾਲਿਆਂ ਨਾਲ ਵੰਗਣਾ ਈ ਪੈਂਦਾ ਐ। ਫੜਾ ਉਰ੍ਹੇ ਕਹੀ।'' ਮਜ਼ਦੂਰ ਹੱਥੋਂ ਕਹੀ ਫੜ ਕੇ ਨਰੈਣਾ ਨੀਂਹ ਪੁੱਟਣ ਲੱਗਾ। ਮੈਂ ਉਹਦੇ ਵੱਲ ਦੇਖ ਕੇ ਖਚਰਾ ਜਿਹਾ ਹੱਸਿਆ।

Action Kitchen & Bath Inc

MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE

ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ

SPECIAL DISCOUNT FOR CONTRACTORS



Custom Kitchen & Vanities • Granite Countertops
Complete Kitchen & Bathroom Renovations
3D Computer Design

We will beat any written quote by 10%

Call for FREE In-Home Estimate

905-799-7277 or 1-800-536-2480

Mon - Fri : 9am to 6pm Sat: 11am - 4pm
Sun: APPOINTMENT ONLY

actionkitchen@live.ca
www.actionkitchen.ca

8 Starthern Ave, Unit 1 & 2, Brampton (South of Steeles facing Dixie)



ਗੁਰਦੁਆਰਾ ਬਾਲ ਲੀਲਾ ਨਨਕਾਣਾ ਸਾਹਿਬ

ਇਹ ਅਸਥਾਨ ਗੁਰਦੁਆਰਾ ਜਨਮ ਅਸਥਾਨ ਤੋਂ ਕੋਈ 225 ਮੀਟਰ ਦੀ ਵਿੱਥ ਉੱਤੇ ਪੂਰਬ ਦੱਖਣ ਦੇ ਰੁੱਖ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਬਾਲਪਨ ਦੀਆਂ ਖੇਡਾਂ ਖੇਡਣ ਦਾ ਅਸਥਾਨ ਹੈ। ਗੁਰਦੁਆਰੇ ਦੇ ਪੂਰਬ ਵੱਲ ਇੱਕ ਤਾਲ ਹੈ ਜੋ ਗੁਰੂ ਸਾਹਿਬ ਦੇ ਨਾਮ ਉੱਪਰ ਰਾਏ ਬੁਲਾਰ ਜੀ ਨੇ ਖੁਦਵਾਇਆ ਸੀ । ਇਸ ਦੀ ਪਹਿਲੀ ਇਮਾਰਤ ਅਤੇ ਨਾਲ ਲਗਦੇ ਕੱਚੇ ਸਰੋਵਰ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਨਾਲ ਬਾਬਾ ਗੁਰਬਖਸ਼ ਸਿੰਘ ਜੀ ਨੇ ਸੰਨ 1820-21 ਵਿੱਚ ਪੱਕਾ ਕਰਵਾਇਆ । ਇਸ ਤੋਂ ਮਗਰੋਂ ਗੁਰਦੁਆਰੇ ਦੇ ਨਿਰਮਲੇ ਮਹੰਤਾਂ ਨੇ ਇਸ ਦੀ ਨਵੀਂ ਇਮਾਰਤ ਬਣਵਾਈ ਜੋ ਕਿ ਮੁਕੰਮਲ ਨਾਂ ਹੋ ਸਕੀ ਤੇ ਪ੍ਰਬੰਧ ਪੰਥਕ ਕਮੇਟੀ ਕੋਲ ਆ ਗਿਆ । ਇਸ ਨੂੰ ਮੁਕੰਮਲ ਕਰਨ ਅਤੇ ਸਰੋਵਰ ਦੇ ਪੌੜ ਬਣਵਾਣ ਤੇ ਆਲੇ ਦੁਆਲੇ ਉੱਚੀ ਚਾਰ ਦੀਵਾਰੀ ਕਰਵਾਉਣ ਦੀ ਸੇਵਾ ਬ੍ਰਿਧ ਬਾਬਾ ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਨੇ ਸੰਨ 1945-46 ਵਿੱਚ ਕਰਵਾਈ । ਹੁਣ ਇਹਦੀ ਸੇਵਾ ਸੰਭਾਲ ਵਕਫ ਬੋਰਡ ਕੋਲ ਹੈ । ਇਸ ਦਾ ਸਰੋਵਰ ਸਦਾ ਸੁੱਕਾ ਰਹਿੰਦਾ ਹੈ । ਗੁਰਦੁਆਰਾ ਸਾਹਿਬ ਦਾ ਜਿੰਦਰਾ ਕੇਵਲ ਸਿੱਖ ਯਾਤਰੀਆਂ ਦੇ ਆਉਣ 'ਤੇ ਹੀ ਖੁੱਲ੍ਹਦਾ ਹੈ। ਇਥੇ ਪ੍ਰਕਾਸ਼ ਨਹੀਂ ਹੁੰਦਾ, ਕੇਵਲ ਇਮਾਰਤ ਹੀ ਯਾਦਗਾਰ ਹੈ।

## ਵਿਅੰਗ

# ਕਿੱਸਾ ਪਜਾਮੇ ਦੇ ਨਾਲੇ ਦਾ

-ਮਹਿਮੂਦ ਆਬਦੀ-

ਕਈ ਹਫਤਿਆਂ ਤੋਂ ਕਮਰਬੰਦ ਪਜਾਮਾ ਪਹਿਨਣ ਦਾ ਜੋ ਤਜਰਬਾ ਸਾਨੂੰ ਹੋਇਆ ਹੈ ਜਾਂ ਇੰਝ ਕਹੋ ਕਿ ਜੋ ਸਾਡੇ ਉੱਤੇ ਗੁਜ਼ਰੀ ਹੈ ਕਿ ਕੀ ਦੱਸੀਏ। ਕਮਰਬੰਦ ਭਾਵ ਇਜਾਰਬੰਦ ਜਾਂ ਆਮ ਬੋਲਚਾਲ 'ਚ ਨਾਲਾ ਅਖਵਾਉਣ ਵਾਲੀ ਬੜੀ ਮਾਮੂਲੀ ਜਿਹੀ ਚੀਜ਼ ਕਿੰਨੀ ਅਹਿਮੀਅਤ ਰੱਖਦੀ ਹੈ, ਉਦੋਂ ਪਤਾ ਲੱਗਦਾ ਹੈ ਜਦੋਂ ਜਾਂ ਤਾਂ ਇਹ ਧੋਂਦੇ-ਧੋਂਦੇ ਅਤੇ ਕਮਜ਼ੋਰ ਹੁੰਦੇ-ਹੁੰਦੇ ਅਚਾਨਕ ਟੁੱਟ ਜਾਵੇ ਜਾਂ ਇਸ ਦਾ ਸਿਰਾ ਪਜਾਮੇ ਦੇ ਨੇਫੇ 'ਚ ਗੁੰਮ ਹੋ ਜਾਵੇ, ਉਹ ਵੀ ਰਾਤ ਵੇਲੇ ਜਦੋਂ ਤੁਸੀਂ ਬੱਤੀ ਜਗਾ ਕੇ ਇਸ ਦਾ ਸਿਰਾ ਲੱਭ ਵੀ ਨਹੀਂ ਸਕਦੇ ਅਤੇ ਹਨੇਰੇ 'ਚ ਟਟੋਲਣ ਦੀਆਂ ਨਾਕਾਮ ਕੋਸ਼ਿਸ਼ਾਂ ਕਰਦੇ ਹੋ।

ਹਾਂ, ਕਮਰਬੰਦ ਦੇ ਟੁੱਟਣ ਅਤੇ ਨੇਫੇ 'ਚ ਗੁਆਚ ਜਾਣ ਦੇ ਮੌਕੇ ਅਤੇ ਅੰਦਾਜ਼ ਨਿਰਾਲੇ ਹਨ ਤਾਂ ਇਸ ਨੂੰ ਪਜਾਮੇ 'ਚ ਪਾਉਣ ਦੇ ਤਰੀਕੇ ਅਤੇ ਇਸ ਦੇ ਔਜ਼ਾਰ ਵੀ ਅਜੀਬ ਹਨ। ਕਿਸੇ ਜ਼ਮਾਨੇ 'ਚ ਤਾਂ ਕਮਰਬੰਦ ਵੇਚਣ ਵਾਲੇ ਹੀ ਆਪਣੇ ਨਾਲ ਪਤਲੀ ਜਿਹੀ ਲੱਕੜੀ ਦੀ ਸਲਾਈਨੁਮਾ ਚੀਜ਼ ਵੇਚਦੇ ਸਨ, ਜਿਸ 'ਚ ਉਪਰ ਵੱਲ ਸੁਰਾਖ ਹੋਇਆ ਹੁੰਦਾ ਸੀ, ਜਿਸ ਵਿੱਚ ਪਰੋਅ ਕੇ ਡੋਰੀ ਨੂੰ ਨੇਫੇ ਵਿੱਚ ਪਾ ਦਿੱਤਾ ਜਾਂਦਾ ਸੀ। ਜਦੋਂ ਇਹ ਲੱਕੜੀ ਦੀ ਸਿਲਾਈ ਨਾ ਹੁੰਦੀ ਤਾਂ ਪੁਰਾਣੇ ਟੂਥ ਬਰੱਸ਼ ਦੇ ਸਿਰੇ ਨੂੰ ਕੱਟ ਕੇ ਉਸ ਦੀ ਡੰਡੀ ਤੋਂ ਇਹ ਕੰਮ ਲਿਆ ਜਾਂਦਾ ਸੀ ਅਤੇ ਜੇ ਕੁਝ ਨਾ ਹੋਵੇ ਤਾਂ ਪਲਾਸਟਿਕ ਦੇ ਪੈਨ ਦੇ ਢੱਕਣ ਦੇ ਕਲਿਪ ਵਿੱਚ ਡੋਰੀ ਪਾ ਦਿੱਤੀ ਜਾਂਦੀ ਹੈ, ਜੋ ਅਕਸਰ ਰਸਤੇ ਵਿੱਚ ਧੋਖਾ ਦੇ ਦਿੰਦੀ ਹੈ। ਭਾਵ ਦੂਜੇ ਸਿਰੇ ਤੱਕ ਪਹੁੰਚਦੇ-ਪਹੁੰਚਦੇ ਡੋਰੀ ਪੈਨ ਦੇ ਢੱਕਣ ਤੋਂ ਸਲਿੱਪ ਹੋ ਜਾਂਦੀ, ਜਿਵੇਂ ਸੱਪ-ਪੌੜੀ ਦੀ ਖੇਡ 'ਚ ਅੱਸੀ-ਪੱਚਾਸੀ 'ਤੇ ਹੀ ਜਦੋਂ ਸੱਪ ਖਾ ਜਾਵੇ ਅਤੇ ਪੂਰੀ ਮੁਸ਼ੱਕਤ ਫਿਰ ਨਵੇਂ ਸਿਰੇ ਤੋਂ ਕਰਨੀ ਪੈਂਦੀ ਹੈ।

ਹਾਂ, ਕਮਰਬੰਦ ਨੂੰ ਇੱਕੋ ਵਾਰ 'ਚ ਬਿਨਾਂ ਰੁਕਾਵਟ ਪਾਉਣ ਦਾ ਸਟੀਕ ਔਜ਼ਾਰ ਹੈ ਸੇਫਟੀ ਪਿਨ, ਜਿਸ ਦੀ ਸੂਈ ਵਿੱਚ ਜੇ ਡੋਰੀ ਨੂੰ ਇੱਕ ਵਾਰ ਪਹਿਨਾ ਦਿੱਤਾ ਜਾਵੇ ਤਾਂ ਅੰਡਰਗਰਾਊਂਡ ਮੈਟਰੋ ਬਣਾਉਣ ਦੀ ਮਸ਼ੀਨ ਵਾਂਗ ਦੂਜੇ ਪਾਸੇ ਤੱਕ ਕਾਮਯਾਬ ਨਿਕਲਦੀ ਹੈ, ਭਾਵੇਂ ਨੇਫਾ ਕਿੰਨਾ ਤੰਗ ਕਿਉਂ ਨਾ ਹੋਵੇ। ਘਰ ਦੇ ਸਿਲੇ ਹੋਏ ਪਜਾਮੇ 'ਚ ਤਾਂ ਨੇਫਾ ਮੁਨਾਸਿਬ ਚੌੜਾ ਰੱਖਿਆ ਜਾਂਦਾ ਹੈ, ਜਿਸ 'ਚ ਤੁਸੀਂ ਆਸਾਨੀ ਨਾਲ ਦੋ ਉਂਗਲੀਆਂ ਪਾ ਕੇ ਵੀ ਕਮਰਬੰਦ ਦਾ ਸਿਰਾ ਲੱਭ ਸਕਦੇ ਹੋ, ਪਰ ਕੰਬਖਤ ਰੈਡੀਮੇਡ ਪਜਾਮੇ ਦਾ ਨੇਫਾ ਬਹੁਤ ਪਤਲਾ ਹੁੰਦਾ ਹੈ। ਉਪਰੋਂ ਕਮਰਬੰਦ ਦੀ ਲੰਬਾਈ ਇੰਨੀ ਨਪੀ-ਤੁਲੀ ਹੁੰਦੀ ਹੈ ਕਿ ਜੇ ਚੱਲਦੇ, ਬੈਠਦੇ ਇਸ ਦਾ ਸਿਰਾ ਹੱਥੋਂ ਗਿਆ ਤਾਂ ਮਾਮਲਾ ਢਿੱਲਾ ਸਮਝੋ, ਪਜਾਮਾ ਭਾਵੇਂ ਢਿੱਲਾ ਹੋਵੇ ਜਾਂ ਤੰਗ ਹੋਵੇ।

ਸਾਡੇ ਨਾਲ ਵੀ ਕੁਝ ਇੰਝ ਹੋਇਆ। ਪਿਛਲੇ ਮਹੀਨੇ ਤੋਂ ਸਫਰ ਕੁਝ ਜ਼ਿਆਦਾ ਹੋ ਰਿਹਾ ਹੈ। ਰੈਡੀਮੇਡ ਪਜਾਮੇ ਦਾ ਨਾਲਾ ਜੋ ਇੱਕ ਵਾਰ ਲਖਨਊ 'ਚ ਨਿਕਲਿਆ ਤਾਂ ਕਈ ਹਫਤਿਆਂ ਬਾਅਦ ਮੁੰਬਈ 'ਚ ਫਿਰ ਤੋਂ ਸਥਾਪਤ ਹੋ ਸਕਿਆ।

ਸ਼ੁਰੂ ਸ਼ੁਰੂ ਵਿੱਚ ਤਾਂ ਪਜਾਮੇ ਦੇ ਕਮਰਬੰਦ ਦੀ ਲਾਸਟਿਕ ਨੇ ਇਸ ਦੀ 'ਐਬਸੈਂਸ' ਦਾ ਅਹਿਸਾਸ ਨਾ ਹੋਣ ਦਿੱਤਾ, ਪਰ ਜਦੋਂ ਇਹ ਲਾਸਟਿਕ ਹੌਲੀ-ਹੌਲੀ ਲੂਜ਼ ਹੋਣ ਲੱਗੀ ਤਾਂ ਇਸ ਨੇ ਸਾਡੀ ਚਾਲ-ਢਾਲ ਹੀ ਬਦਲ ਦਿੱਤੀ। ਅਸੀਂ ਪੇਟ 'ਤੇ ਪਜਾਮੇ ਨੂੰ ਬੈਲੇਂਸ ਕੀਤੇ ਹੌਲੀ-ਹੌਲੀ ਤੁਰਨ ਲੱਗੇ। ਜਦੋਂ ਲਾਸਟਿਕ ਹੋਰ ਲੂਜ਼ ਹੋਣ ਲੱਗੀ ਤਾਂ ਅਸੀਂ ਪਜਾਮਾ ਪੇਟ ਤੋਂ ਉਪਰ ਪਸਲੀਆਂ ਦੇ ਹੇਠਾਂ ਰੱਖਣਾ ਸ਼ੁਰੂ ਕਰ ਦਿੱਤਾ। ਫਿਰ ਜਦੋਂ ਇਸ ਨਾਲ ਵੀ ਗੱਲ ਨਾ ਬਣੀ ਤਾਂ ਅਸੀਂ ਪਜਾਮਾ ਲਗਭਗ ਸੀਨੇ 'ਤੇ ਅਟਕਾਏ ਉਸ ਨੂੰ ਸਪੋਰਟ ਦੇਣ ਲਈ ਪੇਟ ਫੁਲਾ ਕੇ ਚੱਲਣ ਲੱਗੇ। ਇਥੋਂ ਤੱਕ ਕਿ ਅੱਜ ਸਵੇਰੇ ਬੱਚਿਆਂ ਨੇ ਫਿਜ਼ੀਕਲ ਇੰਸਟ੍ਰਕਚਰ ਲਈ ਜਦੋਂ ਅਸੀਂ ਦਰਵਾਜ਼ਾ ਖੋਲ੍ਹਿਆ ਤਾਂ ਉਹ ਵਿਚਾਰਾ ਘਬਰਾ ਗਿਆ। ਉਂਝ ਰੋਜ਼ ਸਾਨੂੰ ਮੋਟੀਵੇਟ ਕਰਦਾ ਸੀ ਕਿ ਸਰ ਤੁਸੀਂ ਕਿਉਂ ਨਹੀਂ ਜੁਆਇਨ ਕਰ ਲੈਂਦੇ, ਪਰ ਅੱਜ ਉਹ ਜ਼ਰੂਰ ਸੋਚ ਰਿਹਾ ਹੋਵੇਗਾ ਕਿ ਚੰਗਾ ਹੋਇਆ ਉਸ ਨੇ ਸਾਡੇ ਤੋਂ ਕਸਰਤ ਨਹੀਂ ਕਰਵਾਈ, ਨਹੀਂ ਤਾਂ ਸਾਰੀ ਆਈ ਗਈ ਉਸ ਦੇ ਸਿਰ ਜਾਂਦੀ। ਘਰ ਵਾਲਿਆਂ ਨੂੰ ਸਾਡੀ ਹਾਲਤ 'ਤੇ ਤਰਸ ਆਇਆ ਅਤੇ ਸ਼ੀਰੀਨ ਫਟਾਫਟ ਕਮਰਬੰਦ ਦਾ ਗੁੱਛਾ ਚੁੱਕ ਲਿਆਈ ਅਤੇ ਬਾਜੀ ਨੇ ਇੱਕ ਮਿੰਟ ਵਿੱਚ ਸੇਫਟੀ ਪਿੰਨ ਨਾਲ ਨਵਾਂ ਕਮਰਬੰਦ ਪਾ ਕੇ ਸਾਨੂੰ ਸਿੱਧਾ ਖੜ੍ਹਾ ਕਰ ਦਿੱਤਾ।

ਇਸ ਬੇਹਾਲ ਪਜਾਮੇ ਨੂੰ ਇੱਕ ਵਾਰ ਫਿਰ ਇਸ ਦੀ ਨਾਰਮਲ ਕੰਡੀਸ਼ਨ ਵਿੱਚ ਦੇਖ ਕੇ ਸਾਨੂੰ ਕੁਝ ਅਜਿਹੀ ਖੁਸ਼ੀ ਹੋਈ ਜਿਵੇਂ ਚੰਦਰਯਾਨ ਨਾਲ ਫਿਰ ਸੰਪਰਕ ਸਥਾਪਤ ਹੋ ਗਿਆ ਹੋਵੇ। ਸਵਾਲ ਇਹ ਹੈ ਕਿ ਘੁੰਮ ਫਿਰ ਕੇ ਇਹੀ ਪਜਾਮਾ ਸਾਡੇ ਸਾਮਾਨ ਵਿੱਚ ਕਿਉਂ ਆਉਂਦਾ ਰਿਹਾ। ਹੋਏ ਨਾ ਹੋਏ ਬਾਈ ਦੀ ਸ਼ਰਾਰਤ ਰਹੀ ਹੋਵੇਗੀ ਜਿਸ ਦੀ ਧੁਲਾਈ 'ਚ ਅਸੀਂ ਅਕਸਰ ਕਮੀਆਂ ਕੱਢਦੇ ਹਾਂ, ਉਹੀ ਹਰ ਵਾਰ ਇਸੇ ਪਜਾਮੇ ਨੂੰ ਤਹਿ ਲਾ ਕੇ ਸਾਡੇ ਸਾਮਾਨ ਵਿੱਚ ਰੱਖ ਦਿੰਦੀ ਹੋਵੇਗੀ। 'ਢਿੱਲਾ ਪਜਾਮਾ ਰੇਸ਼ਮ ਦਾ ਕਮਰਬੰਦ, ਬੋਲੇ ਕਿੱਥੇ ਗਏ ਸੀ...' ਵਿਆਹਾਂ 'ਚ ਮਰਾਸਣਾਂ ਗਾਉਂਦੀਆਂ ਹੁੰਦੀਆਂ ਸਨ।

# ਭਾਰਤ ਵਿੱਚ ਸੁਰੱਖਿਆ ਰੁਤਬੇ ਦਾ ਮਾਮਲਾ

-ਆਕਾਰ ਪਟੇਲ

ਭਾਰਤ ਵਿੱਚ ਸੁਰੱਖਿਆ ਨੂੰ ਮਾਣ-ਸਨਮਾਨ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਰਾਜ-ਨੇਤਾ, ਜੱਜ, ਗਵਰਨਰ ਅਤੇ ਜਨਰਲ ਸੁਰੱਖਿਆ ਦੇ ਘੇਰੇ ਵਿੱਚ ਰਹਿਣ ਨੂੰ ਮਾਣ ਦਾ ਵਿਸ਼ਾ ਮੰਨਦੇ ਹਨ। ਜਿਸ ਵਿਅਕਤੀ ਨਾਲ ਜਿੰਨਾ ਵੱਡਾ ਸੁਰੱਖਿਆ ਦਸਤਾ ਹੋਵੇਗਾ, ਉਸ ਨੂੰ ਓਨਾ ਹੀ ਜ਼ਿਆਦਾ ਰੁਤਬੇ ਵਾਲਾ ਮੰਨਿਆ ਜਾਵੇਗਾ।

ਕੁਝ ਲੋਕਾਂ ਲਈ ਅਸਲ ਵਿੱਚ ਸੁਰੱਖਿਆ ਬਾਰੇ ਖਤਰਾ ਹੁੰਦਾ ਹੈ ਤੇ ਇਹ ਲਗਾਤਾਰ ਰਹਿੰਦਾ ਹੈ। 35 ਸਾਲ ਪਹਿਲਾਂ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੀ ਹੱਤਿਆ ਕੀਤੀ ਗਈ ਸੀ। ਉਨ੍ਹਾਂ ਦੇ 25 ਸਾਲਾ ਬਾਡੀਗਾਰਡ ਬੇਅੰਤ ਸਿੰਘ ਨੇ ਆਪਣੀ ਸਰਵਿਸ ਰਿਵਾਲਵਰ ਤੋਂ ਉਨ੍ਹਾਂ ਨੂੰ ਤਿੰਨ ਗੋਲੀਆਂ ਮਾਰੀਆਂ ਸਨ। ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜ਼ਮੀਨ 'ਤੇ ਡਿੱਗ ਗਈ ਤਾਂ ਦੂਜੇ ਬਾਡੀਗਾਰਡ 33 ਸਾਲਾ ਸਤਵੰਤ ਸਿੰਘ ਨੇ 67 ਸਾਲਾ ਇੰਦਰਾ ਗਾਂਧੀ ਉੱਤੇ ਆਪਣੀ ਸਟੇਨਗੰਨ ਨਾਲ ਤੀਹ ਫਾਇਰ ਕੀਤੇ। ਸੱਤ ਗੋਲੀਆਂ ਉਨ੍ਹਾਂ ਦੇ ਢਿੱਡ ਵਿੱਚ ਲੱਗੀਆਂ, ਤਿੰਨ ਛਾਤੀ ਉੱਤੇ ਅਤੇ ਇੱਕ ਦਿਲ ਉੱਤੇ। ਪ੍ਰੈਸ ਰਿਪੋਰਟਾਂ ਅਨੁਸਾਰ ਉਸ ਸਮੇਂ ਸੋਨੀਆ ਗਾਂਧੀ ਘਰ ਵਿੱਚ ਸੀ ਅਤੇ ਉਹ ਚੀਕਦੇ ਹੋਏ ਪੌੜੀਆਂ ਤੋਂ ਹੇਠਾਂ ਦੌੜੀ, 'ਮੰਮੀ! ਓ ਮਾਈ ਗੌਡ, ਮੰਮੀ।'

ਇਸ ਹੱਤਿਆ ਮਗਰੋਂ ਸਰਕਾਰ ਨੇ ਰਾਜੀਵ ਗਾਂਧੀ ਲਈ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ ਦਾ ਬਣਾਇਆ। ਇਸ ਗਰੁੱਪ ਦਾ ਗਠਨ ਅਮਰੀਕੀ ਖੁਫੀਆ ਸਰਵਿਸ ਵੱਲੋਂ 1865 ਵਿੱਚ ਕੀਤੀ ਸੁਰੱਖਿਆ ਵਿਵਸਥਾ ਦੀ ਤਰਜ਼ 'ਤੇ ਕੀਤਾ ਗਿਆ ਸੀ। 1865 ਵਿੱਚ ਅਮਰੀਕੀ ਰਾਸ਼ਟਰਪਤੀ ਇਬਰਾਹਮ ਲਿੰਕਨ ਦੀ ਹੱਤਿਆ ਕੀਤੀ ਗਈ ਸੀ। ਅਮਰੀਕੀ ਖੁਫੀਆ ਸਰਵਿਸ ਅੱਜਕੱਲ੍ਹ ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਪਰਵਾਰਾਂ ਅਤੇ ਸਾਬਕਾ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਸੁਰੱਖਿਆ ਦੇਂਦੀ ਹੈ। ਇਸ ਤੋਂ ਇਲਾਵਾ ਉਹ ਵਿਰੋਧੀ ਦਲਾਂ ਦੇ ਵੱਡੇ ਨੇਤਾਵਾਂ ਨੂੰ ਵੀ ਸੁਰੱਖਿਆ ਦੇਂਦੀ ਹੈ।

1991 ਵਿੱਚ ਤਾਮਿਲ ਨਾਡੂ ਵਿੱਚ ਇੱਕ 17 ਸਾਲਾ ਲੜਕੀ ਨੇ ਇੱਕ ਰੈਲੀ ਦੌਰਾਨ ਰਾਜੀਵ ਗਾਂਧੀ ਦੀ ਹੱਤਿਆ ਕਰ ਦਿੱਤੀ ਸਸੀ। ਉਸ ਨੇ ਆਪਣੇ ਸਰੀਰ ਨਾਲ ਆਰ ਡੀ ਐਕਸ ਵਾਲਾ ਬੰਬ ਬੰਨ੍ਹਿਆ ਸੀ, ਜਿਸ ਦੇ ਧਮਾਕੇ ਨਾਲ ਦਰਜਨ ਤੋਂ ਵੱਧ ਲੋਕ ਮਾਰੇ ਗਏ ਸਨ। ਮੈਨੂੰ ਨਹੀਂ ਪਤਾ ਕਿ ਓਦੋਂ ਐਸ ਪੀ ਜੀ ਵਾਲੀ ਟੀਮ ਕੀ ਕਰਦੀ ਸੀ, ਪਰ ਜੇ ਮੇਰੀ ਯਾਦਦਾਸ਼ਤ ਸਹੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਇਹ ਕਹਿੰਦੇ ਹੋਏ ਰਾਜੀਵ ਗਾਂਧੀ ਉੱਤੇ ਪਾਈ ਗਈ ਕਿ ਉਨ੍ਹਾਂ ਨੂੰ ਲੋਕਾਂ ਨਾਲ ਨੇੜਿਓਂ ਮਿਲਣ 'ਤੇ ਕੋਈ ਇਤਰਾਜ਼ ਨਹੀਂ ਸੀ। ਜੇ ਦੁਨੀਆ ਵਿੱਚ ਅਸੁਰੱਖਿਅਤ ਪਰਵਾਰ ਹੈ ਤਾਂ ਉਹ ਅੱਜ ਵੀ ਗਾਂਧੀ ਪਰਵਾਰ ਨੂੰ ਹੀ ਸਮਝਿਆ ਜਾਂਦਾ ਹੈ। ਭਾਰਤ ਵਿੱਚ ਅਮਰੀਕਾ ਵਾਂਗ ਐਸ ਪੀ ਜੀ ਦੀ ਸੁਰੱਖਿਆ ਹਾਸਲ ਕਰਨ ਵਾਲੇ ਲੋਕਾਂ ਦੀ ਵਿਸ਼ੇਸ਼ ਸੂਚੀ ਕੋਈ ਨਹੀਂ ਅਤੇ ਇਹ ਮੌਕੇ ਦੀ ਸਰਕਾਰ 'ਤੇ ਨਿਰਭਰ ਹੈ ਕਿ ਕਿਸ ਨੂੰ ਕਿਸ ਪੱਧਰ 'ਤੇ ਸੁਰੱਖਿਆ ਦੇਣੀ ਹੈ। ਮੋਦੀ ਸਰਕਾਰ ਨੇ ਗਾਂਧੀ ਪਰਵਾਰ ਦੀ ਐਸ ਪੀ ਜੀ ਸੁਰੱਖਿਆ ਹਟਾਉਣ ਦਾ ਫੈਸਲਾ ਲਿਆ ਤਾਂ ਕਾਂਗਰਸ ਤਾਂ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਫੈਸਲੇ 'ਤੇ ਮੁੜ ਵਿਚਾਰ ਕਰ ਲਵੇ, ਪਰ ਸਰਕਾਰ ਨੇ ਕਿਹਾ ਕਿ ਫੈਸਲਾ ਵਾਪਸ ਨਹੀਂ ਹੋਵੇਗਾ।

ਸਰਕਾਰ ਨੇ ਪਾਰਲੀਮੈਂਟ ਵਿੱਚ ਕਿਹਾ ਕਿ ਗਾਂਧੀ ਪਰਵਾਰ ਦੀ ਸੁਰੱਖਿਆ ਵਾਪਸ ਨਹੀਂ ਲਈ, ਪਰ ਇਹ ਬੇਲੋੜਾ ਤਰਕ ਹੈ, ਕਿਉਂਕਿ ਸਰਕਾਰ 'ਤੇ ਇਹ ਦੋਸ਼ ਨਹੀਂ ਲਾਇਆ ਗਿਆ ਕਿ ਉਸ ਨੇ ਪੂਰੀ ਸੁਰੱਖਿਆ ਹਟਾ ਲਈ ਹੈ। ਦੋਸ਼ ਇਹ ਹੈ ਕਿ ਭਾਰਤ ਸਰਕਾਰ ਜਾਣ ਬੁੱਝ ਕੇ ਇੱਕ ਸੁਰੱਖਿਅਤ ਪਰਵਾਰ ਦੀ ਸੁਰੱਖਿਆ ਘਟਾ ਕੇ ਉਸ ਦਾ ਜੀਵਨ ਖਤਰੇ ਵਿੱਚ ਪਾ ਰਹੀ ਹੈ। ਇਸ ਦੋਸ਼ 'ਤੇ ਪ੍ਰਧਾਨ ਮੰਤਰੀ ਨੇ ਸੁਰੱਖਿਆ ਦੀ ਗਾਰੰਟੀ ਦੇਣ ਦਾ ਕੰਮ ਨਹੀਂ ਕੀਤਾ। ਪਾਰਲੀਮੈਂਟ ਵਿੱਚ ਸਰਕਾਰ ਨੇ ਦੂਜਾ ਦਾਅਵਾ ਇਹ ਕੀਤਾ ਕਿ ਸੁਰੱਖਿਆ ਘੱਟ ਕਰਨ ਦਾ ਫੈਸਲਾ ਸਿਆਸੀ ਤੌਰ ਉੱਤੇ ਨਹੀਂ ਲਿਆ। ਇਸ ਗੱਲ 'ਤੇ ਸਿਰਫ ਉਹ ਲੋਕ ਯਕੀਨ ਕਰਨਗੇ, ਜਿਨ੍ਹਾਂ ਨੂੰ ਭਾਰਤ ਸਰਕਾਰ ਦੀ ਕਾਰਜਕਾਰਨੀ ਬਾਰੇ ਜਾਣਕਾਰੀ ਨਹੀਂ। ਸਰਕਾਰ ਦਾ ਤੀਸਰਾ ਦਾਅਵਾ ਹੈ ਕਿ ਸੁਰੱਖਿਆ ਵਿੱਚ ਕਮੀ ਇਸ ਲਈ ਕੀਤੀ ਕਿ ਖਤਰੇ ਵਿੱਚ ਕਮੀ ਦਰਜ ਕੀਤੀ ਗਈ ਸੀ। ਇਸ ਸਥਿਤੀ ਵਿੱਚ ਸਰਕਾਰ ਲਈ ਜ਼ਰੂਰੀ ਸੀ ਕਿ ਉਹ ਉਨ੍ਹਾਂ ਤੱਥਾਂ ਨੂੰ ਸਾਹਮਣੇ ਰੱਖਦੀ, ਜਿਨ੍ਹਾਂ ਤੋਂ ਇਹ ਗੱਲ ਸਾਬਿਤ ਹੁੰਦੀ ਹੈ। ਸਰਕਾਰ ਨੇ ਇਹ ਕੰਮ ਵੀ ਨਹੀਂ ਕੀਤਾ।

ਸੁਰੱਖਿਆ ਘਟਾਉਣ ਦੇ ਇਸ ਕਦਮ ਨਾਲ ਸੁਰੱਖਿਆ ਵਾਲੇ ਲੋਕਾਂ ਦੇ ਜੀਵਨ ਉੱਤੇ ਖਤਰਾ ਪੈਦਾ ਹੋਵੇਗਾ ਕਿਉਂਕਿ ਐੱਸ ਪੀ ਜੀ ਕਵਰ ਵਿੱਚ ਵੀ ਉਹ ਗੱਲ ਨਹੀਂ, ਜਿਵੇਂ ਅਸੀਂ ਸੋਚਦੇ ਹਾਂ। ਮੈਂ ਕੁਝ ਮਹੀਨੇ ਪਹਿਲਾਂ ਸੋਨੀਆ ਗਾਂਧੀ ਨੂੰ ਉਨ੍ਹਾਂ ਦੇ ਘਰ ਵਿੱਚ ਮਿਲਿਆ ਸੀ। ਮੈਨੂੰ ਸਿਰਫ ਉਸ ਟੈਕਸੀ ਦਾ ਨੰਬਰ ਦੇਣਾ ਪਿਆ, ਜਿਸ ਵਿੱਚ ਮੈਂ ਬੈਠ ਕੇ ਆਇਆ ਸੀ ਤੇ ਫਿਰ ਇਸ ਨੂੰ ਕੰਪਾਊਂਡ ਵਿੱਚ ਦਾਖਲ ਹੋਣ ਦੀ ਖੁੱਲ੍ਹ ਦੇ ਦਿੱਤੀ ਗਈ। ਰਿਸੈਪਸ਼ਨ ਉੱਤੇ ਮੇਰਾ ਫੋਨ ਰੱਖਣ ਦੀ ਤੋਂ ਵੱਧ ਕੋਈ ਹੋਰ ਵਿਸ਼ੇਸ਼ ਸੁਰੱਖਿਆ ਕਦਮ ਮੈਨੂੰ ਯਾਦ ਨਹੀਂ। ਇਹ ਉਹੋ ਜਿਹਾ ਸੁਰੱਖਿਆ ਚੈਕਅਪ ਸੀ, ਜਿਵੇਂ ਏਅਰਪੋਰਟ 'ਤੇ ਹੁੰਦਾ ਹੈ। ਮੈਨੂੰ ਨਹੀਂ ਲੱਗਦਾ ਕਿ ਐੱਸ ਪੀ ਜੀ ਕਵਰ ਵਿੱਚ ਵੀ ਕੋਈ ਖਾਸ ਸਖਤੀ ਵਰਤੀ ਹੁੰਦੀ ਹੈ।

ਜਦੋਂ ਮੈਂ ਮੋਦੀ ਨੂੰ ਮਿਲਿਆ ਸੀ ਤਾਂ ਉਹ ਐਸ ਪੀ ਜੀ ਕੈਟਾਗਰੀ ਵਿੱਚ ਨਹੀਂ ਸਨ। ਇਹ ਗੱਲ ਕੁਝ ਸਾਲ ਪਹਿਲਾਂ ਦੀ ਹੈ, ਪਰ ਮੈਨੂੰ ਯਕੀਨ ਹੈ ਕਿ ਉਨ੍ਹਾਂ ਨੂੰ ਓਦੋਂ ਜ਼ੈਡ ਪਲੱਸ ਕਵਰ ਹਾਸਲ ਸੀ। ਇਥੇ ਵੀ ਵੱਖਰਾ ਹਟ ਕੇ ਕੁਝ ਖਾਸ ਨਹੀਂ ਸੀ। ਸੱਚਾਈ ਇਹ ਹੈ ਕਿ ਭਾਰਤ ਵਿੱਚ ਸਿਸਟਮ ਕਮਜ਼ੋਰ ਅਤੇ ਨਾਜ਼ੁਕ ਹੈ ਅਤੇ ਇਸ ਨਾਲ ਛੇੜਛਾੜ ਦੀ ਸੰਭਾਵਨਾ ਬਣੀ ਰਹਿੰਦੀ ਹੈ। ਕੁਝ ਸਾਲ ਪਹਿਲਾਂ ਮੈਂ ਸ੍ਰੀਨਗਰ ਵਿੱਚ ਉਮਰ ਅਬਦੁੱਲਾ ਨੂੰ ਮਿਲਣ ਗਿਆ। ਓਦੋਂ ਉਹ ਅੰਦਰ ਨਹੀਂ ਸਨ ਤੇ ਮੈਨੂੰ ਥੋੜ੍ਹੀ ਜਿਹੀ ਚੈਕਿੰਗ ਤੋਂ ਬਾਅਦ ਉਨ੍ਹਾਂ ਦੇ ਦਫਤਰ ਭੇਜ ਦਿੱਤਾ ਗਿਆ। ਮੈਨੂੰ ਏਦਾਂ ਲੱਗਾ ਕਿ ਉਹ ਮੈਨੂੰ ਨਹੀਂ ਮਿਲਣਾ ਚਾਹੁੰਦੇ ਸਨ, ਪਰ ਜਦੋਂ ਮੈਂ ਉਨ੍ਹਾਂ ਦੇ ਦਫਤਰ 'ਚੋਂ ਨਿਕਲ ਰਿਹਾ ਸੀ ਤਾਂ ਗਲਿਆਰੇ ਵਿੱਚ ਉਨ੍ਹਾਂ ਨਾਲ ਮੁਲਾਕਾਤ ਹੋ ਗਈ।

20 ਸਾਲ ਪਹਿਲਾਂ ਐਡੀਟਰਸ ਗਿਲਡ ਦੀ ਇੱਕ ਬੈਠਕ ਵਿੱਚ ਮੈਂ ਹਾਜ਼ਰ ਸੀ। ਇਸ ਵਿੱਚ ਐਲ ਕੇ ਅਡਵਾਨੀ ਨੂੰ ਵੀ ਬੁਲਾਇਆ ਗਿਆ ਸੀ ਅਤੇ ਸਾਡੇ ਸਾਰਿਆਂ ਦੇ ਅੰਦਰ ਜਾਣ ਤੋਂ ਬਾਅਦ ਅਡਵਾਨੀ ਅਤੇ ਜੇਤਲੀ ਵੀ ਉਥੇ ਪਹੁੰਚੇ, ਪਰ ਅੰਦਰ ਜਾਣ ਤੋਂ ਪਹਿਲਾਂ ਸਾਡੇ ਵਿੱਚੋਂ ਕਿਸੇ ਦੀ ਵੀ ਚੈਕਿੰਗ ਨਹੀਂ ਕੀਤੀ ਗਈ। ਸਾਡੇ ਨਾਲ ਇੱਕ ਅਜਿਹਾ ਵਿਅਕਤੀ ਸੀ, ਜਿਸ ਨੂੰ ਜ਼ੈੱਡ ਪਲੱਸ ਕੈਟਾਗਰੀ ਦੀ ਸੁਰੱਖਿਆ ਹਾਸਲ ਸੀ ਅਤੇ ਉਹ ਅਸੁਰੱਖਿਅਤ ਸੀ।

30 ਸਾਲ ਤੋਂ ਵੱਧ ਸਮਾਂ ਪਹਿਲਾਂ ਮੈਂ ਵ੍ਹਾਈਟ ਹਾਊਸ ਦਾ ਦੌਰਾ ਕੀਤਾ ਸੀ। (ਜਦੋਂ ਰੋਨਾਲਡ ਰੀਗਨ ਰਾਸ਼ਟਰਪਤੀ ਸਨ)। ਉਹ ਰਾਸ਼ਟਰਪਤੀ ਭਵਨ ਵਿੱਚ ਮੌਜੂਦ ਸੀ, ਪਰ ਪਛਾਣ ਪੱਤਰ ਚੈੱਕ ਕਰਵਾਉਣ ਅਤੇ ਬੇਸਿਕ ਸਕੈਨ ਤੋਂ ਇਲਾਵਾ ਹੋਰ ਕੋਈ ਸਕਰੀਨਿੰਗ ਨਹੀਂ ਕੀਤੀ ਗਈ ਸੀ। ਕੁਝ ਅਜਿਹਾ ਹੀ ਉਸ ਸਮੇਂ ਵੀ ਹੋਇਆ ਹੈ, ਜਦੋਂ ਮੈਂ ਤਲ ਅਵੀਵ ਵਿੱਚ ਇਸਰਾਈਲੀ ਰਾਸ਼ਟਰਪਤੀ ਸ਼ਿਮੋਨ ਨਾਲ ਮੁਲਾਕਾਤ ਕੀਤੀ ਸੀ। ਇਹ ਕਲਪਨਾ ਕਰਨਾ ਮੁਸ਼ਕਲ ਹੈ ਕਿ ਇਸ ਪੱਧਰ ਦੀ ਸੁਰੱਖਿਆ ਦੇ ਬਾਵਜੂਦ ਇਹ ਲੋਕ ਹਮੇਸ਼ਾ ਸੁਰੱਖਿਅਤ ਰਹਿੰਦੇ ਹਨ।

ਜਿਵੇਂ ਮੈਂ ਪਹਿਲਾਂ ਕਿਹਾ ਕਿ ਭਾਰਤ ਵਿੱਚ ਸੁਰੱਖਿਆ ਰੁਤਬੇ ਦਾ ਮਾਮਲਾ ਹੈ। ਇਸ ਹਾਲਤ ਵਿੱਚ ਕਿਸੇ ਵਿਅਕਤੀ ਦੀ ਸੁਰੱਖਿਆ ਘਟਾਉਣਾ ਉਸ ਨੂੰ ਉਸ ਦੀ ਔਕਾਤ ਦਿਖਾਉਣ ਵਾਂਗ ਸਮਝਿਆ ਜਾਂਦਾ। ਇਹ ਖਤਰਨਾਕ ਖੇਡ ਹੈ, ਜਿਸ ਨੂੰ ਮੋਦੀ ਸਰਕਾਰ ਖੇਡ ਰਹੀ ਹੈ।

# ਇਉਂ ਟੱਕਰਦੈ ਸੇਰ ਨੂੰ ਸਵਾ ਸੇਰ

-ਬਲਦੇਵ ਸਿੰਘ ਸੜਕਨਾਮਾ

ਕਲਕੱਤੇ ਤੋਂ ਦੁਰਗਾਪੁਰ ਜਾ ਰਿਹਾ ਸਾਂ। ਇੱਕ ਫੈਕਟਰੀ ਦਾ ਫਰਨੇਸ ਆਇਲ ਲੋਡ ਸੀ, ਡਨਲਪ ਏਰੀਆ ਵਾਲੇ ਚਿੜੀਆ ਮੋੜ ਦੇ ਰੈਡ ਸਿਗਨਲ 'ਤੇ ਖੜ੍ਹਾਂ ਸਾਂ। ਪੁਲਸ ਦੀ ਇੱਕ ਵੈਨ ਮੇਰੀ ਗੱਡੀ (ਤੇਲ ਟੈਂਕੀ) ਦੇ ਪਿੱਛੇ ਆ ਵੱਜੀ।

ਮੈਂ ਹੈਰਾਨ ਹੋ ਕੇ ਹੇਠਾਂ ਉਤਰ ਕੇ ਪਿੱਛੇ ਗਿਆ ਤਾਂ ਵੈਨ ਨੂੰ ਚਲਾ ਰਿਹਾ ਸਿਪਾਹੀ ਮੁਆਫੀ ਮੰਗਦਿਆਂ ਵਾਂਗ ਮੇਰੇ ਵੱਲ ਝਾਕਿਆ। ਮੈਂ ਦੇਖਿਆ, ਮੇਰੀ ਗੱਡੀ ਦਾ ਕਈ ਨੁਕਸਾਨ ਨਹੀਂ ਹੋਇਆ ਸੀ, ਪਰ ਪੁਲਸ ਵੈਨ ਵਿੱਚ ਡੈਂਟ ਪੈ ਗਏ ਸਨ। ਸਿਗਨਲ ਕਲੀਅਰ ਹੋਣ 'ਤੇ ਮੈਂ ਗੱਡੀ ਤੋਰਨ ਲੱਗਾ ਤਾਂ ਪੁਲਸ ਵੈਨ ਵਿੱਚ ਬੈਠਾ ਸਬ ਇੰਸਪੈਕਟਰ ਕਾਹਲੀ ਨਾਲ ਮੇਰੇ ਕੋਲ ਆਇਆ: 'ਸ਼ੋਰਦਾਰ ਜੀ, ਏਕ ਮਿੰਟ ਕੇ ਲੀਏ ਗਾੜੀ ਸਾਈਡ ਕਰਕੇ ਰੋਕਨਾ।'

ਸਿਗਨਲ ਪਾਰ ਕਰਕੇ ਮੈਂ ਗੱਡੀ ਖੱਬੇ ਪਾਸੇ ਰੋਕ ਲਈ। ਵੈਨ ਵਿੱਚੋਂ ਦੋ ਸਿਪਾਹੀ ਹੋਰ ਉਤਰ ਆਏ ਤੇ ਮੇਰੀ ਗੱਡੀ ਸਾਹਮਣੇ ਖੜ੍ਹੇ ਹੋ ਗਏ। ਮੈਂ ਸੋਚਿਆ; ਗ਼ਲਤੀ ਤਾਂ ਮੇਰੀ ਕੋਈ ਹੈ ਨਹੀਂ, ਫਿਰ ਇਹ ਇਸ ਤਰ੍ਹਾਂ ਕਿਉਂ..।' ਉਦੋਂ ਹੀ ਸਬ ਇੰਸਪੈਕਟਰ ਨਿਮਰਤਾ ਨਾਲ ਬੋਲਿਆ; 'ਸੌਰੀ, ਸ਼ੋਰਦਾਰ ਬਾਬੂ, ਹਮਾਰੇ ਵਿਚਾਰੇ ਡਰਾਈਵਰ ਕੀ ਨੌਕਰੀ ਚਲੇ ਗਈ ਹੈ। ਪੁਲਸ ਵੈਨ ਕਾ ਐਕਸੀਡੈਂਟ ਹੋਆ ਹੈ। ਤੁਮ ਥਾਨਾ ਮੇਂ ਬਿਆਨ ਲਿਖਵਾ ਕੇ ਚਲੇ ਜਾਨਾ। ਦੋ ਮਿੰਟ ਕਾ ਕਾਮ ਹੈ।'

'ਗਾੜੀ ਤੋਂ ਆਪ ਲੋਗੋ ਨੇ ਪੀਛੇ ਮਾਰੀ ਹੈ ਸਾਹਬ। ਮੈਂ ਕਾਹੇ ਬਿਆਨ ਲਿਖਵਾਨਾ ਹੈ?' ਮੈਂ ਹੈਰਾਨ ਹੁੰਦਿਆਂ ਕਿਹਾ।

'ਮਾਲੂਮ ਹੈ, ਖਾਨਾ ਪੂਰਤੀ ਕਰਨਾ ਹੈ ਨਾ, ਕਿਆ ਕਰੇਂ, ਪੁਲਸ ਡਿਪਾਰਟਮੈਂਟ ਭੀ..।'

'ਯਹ ਤੋਂ ਧੱਕਾ ਹੈ ਸਾਹਬ।'

'ਪਲੀਜ਼।'

ਸਰਜਨ (ਇੰਸਪੈਕਟਰ) ਦਾ ਸੁਭਾਅ ਬੜਾ ਨਰਮ ਜਾਪ ਰਿਹਾ ਸੀ। ਮੈਂ ਥਾਣੇ ਜਾਣ ਲਈ ਰਾਜ਼ੀ ਹੋ ਗਿਆ। ਹੈਲਪਰ ਨੂੰ ਗੱਡੀ ਦਾ ਖਿਆਲ ਰੱਖਣ ਲਈ ਕਹਿ ਕੇ ਮੈਂ ਉਨ੍ਹਾਂ ਨਾਲ ਚਲਾ ਗਿਆ। ਉਦੋਂ ਮੈਨੂੰ ਪਤਾ ਨਹੀਂ ਸੀ, ਉਨ੍ਹਾਂ ਦੇ ਇੱਕ ਸਿਪਾਹੀ ਨੇ ਥਾਣੇ ਆ ਕੇ ਪਹਿਲਾਂ ਹੀ ਮੇਰੇ ਵਿਰੁੱਧ ਰਿਪੋਰਟ ਲਿਖਵਾ ਦਿੱਤੀ ਸੀ।

ਥਾਣੇ ਪਹੁੰਚਿਆ ਤਾਂ ਇੰਚਾਰਜ ਨੇ ਹੁਕਮ ਦਿੱਤਾ, 'ਅਪਨੀ ਗਾੜੀ ਕੇ ਪੇਪਰ ਲਾਓ। ਗਾੜੀ ਕੀ ਮਕੈਨੀਕਲੀ ਰਿਪੋਰਟ ਹੋਗੀ। ਲਾਲ ਬਾਜ਼ਾਰ (ਪੁਲਸ ਹੈਡਕੁਆਰਟਰ) ਸੇ ਰਿਪੋਰਟ ਲੇ ਕਰ ਆਓ, ਤਬ ਗਾੜੀ ਛੁਟੇਗਾ।'

'ਅਰੇ ਸਾਹਬ, ਐਕਸੀਡੈਂਟ ਤੋਂ ਆਪ ਕੇ ਡਰਾਈਵਰ ਨੇ ਕੀਆ। ਖੜ੍ਹੀ ਗਾੜੀ ਮੇਂ ਮਾਰੀ ਹੈ, ਵਹ ਭੀ ਪੀਛੇ ਆ ਕੇ ਲਗਾ ਹੈ।' ਮੈਂ ਛਟਪਟਾ ਕੇ ਕਿਹਾ।

ਇੰਚਰਾਜ ਨੇ ਬੜ੍ਹੇ ਠਰ੍ਹੰਮੇ ਭਰੇ ਸਹਿਜ ਨਾਲ ਕਿਹਾ, 'ਰਿਪੋਰਟ ਮੇਂ ਤੋਂ ਲਿਖਾ ਹੈ, ਆਪ ਗਾੜੀ ਬਹੁਤ ਰੈਸ਼ ਚਲਾ ਰਹੇ ਥੇ। ਬਿਲਕੁਲ ਰੌਂਗ ਸਾਈਡ ਆ ਕੇ ਮਾਰਾ ਹੈ। ਯਹ ਦੇਖੋ।' ਉਸ ਨੇ ਰਿਪੋਰਟ ਮੇਰੇ ਸਾਹਮਣੇ ਰੱਖਦਿਆਂ ਅੱਖਾਂ ਮੇਰੇ ਉਪਰ ਗੱਡ ਦਿੱਤੀਆਂ। ਮੈਨੂੰ ਉਸ ਦੇ ਵਿਹਾਰ ਵਿੱਚ ਵਰਦੀ ਅਤੇ ਰੁਤਬੇ ਦੀ ਹੈਂਕੜ ਦਿੱਸੀ।

ਮੈਂ ਬਹੁਤ ਸਫ਼ਾਈ ਦਿੱਤੀ। ਬਹੁਤ ਰੌਲਾ ਵੀ ਪਾਇਆ।

ਇੰਚਾਰਜ ਨੇ ਗੰਭੀਰ ਹੁੰਦਿਆਂ ਕਿਹਾ, 'ਸ਼ੋਰਦਾਰ ਜੀ, ਕੋਈ ਫਾਇਦਾ ਨਹੀਂ ਹੋਗਾ। ਜਿਤਨੀ ਜਲਦੀ ਰਿਪੋਰਟ ਲੇ ਆਏਗਾ, ਉਤਨੀ ਜਲਦੀ ਗਾੜੀ ਛੂਟ ਜਾਏਗਾ। ਪੁਲਸ ਕੀ ਵੈਨ ਕੇ ਸਾਥ ਐਕਸੀਡੈਂਟ ਕਰਨਾ ਕੋਈ ਛੋਟੀ ਬਾਤ ਹੈ?'

'ਸਾਹਬ, ਵੋਹ ਤੋਂ ਆਪ ਕੇ ਡਰਾਈਵਰ ਨੇ ਕੀਆ ਹੈ।' ਮੈਂ ਬੇਵੱਸ ਹੋ ਕੇ ਕਿਹਾ।

'ਓ ਭਾਈ, ਰਿਪੋਰਟ ਮੇਂ ਲਿਖਾ ਹੈ ਐਕਸੀਡੈਂਟ ਤੁਮ ਨੇ ਕੀਆ ਹੈ।' ਉਸ ਦੇ ਚਿਹਰੇ ਉੱਤੇ ਰੋਹਬ ਭਰੀ ਮੁਸਕਰਾਹਟ ਸੀ। ਫਿਰ ਉਸ ਨੇ ਡਾਢੀ ਹਮਦਰਦੀ ਦਿਖਾਉਂਦਿਆਂ ਕਿਹਾ, 'ਦੇਰੀ ਕਰਕੇ ਤੁਮ ਅਪਨਾ ਨੁਕਸਾਨ ਕਰ ਰਿਹੈ। ਤੀਨ ਬਜੇ ਕੇ ਬਾਅਦ ਲਾਲ ਬਾਜ਼ਾਰ ਮੇਂ ਕੋਈ ਨਹੀਂ ਮਿਲੇਗਾ।'

ਮੈਂ ਅੱਕਿਆ, ਰੋਣਹਾਕਾ ਹੋਇਆ, ਪੁਲਸ ਮਹਿਕਮੇ ਨੂੰ ਜਿੰਨਾ ਕੁ ਚੰਗਾ ਮੰਦਾ ਬੋਲ ਸਕਦਾ ਸੀ, ਮਨ ਵਿੱਚ ਹੀ ਕੋਸਦਾ ਜਦੋਂ ਲਾਲ ਬਾਜ਼ਾਰ ਗਿਆ, ਉਥੇ ਸੱਚ ਹੀ ਕੋਈ ਅਫਸਰ ਨਹੀਂ ਸੀ। ਸਾਰੇ ਫੀਲਡ ਵਿੱਚ ਗਏ ਸਨ। ਪੁੱਛਣ ਉੱਤੇ ਇਹੀ ਜਵਾਬ ਮਿਲਿਆ, ਉਂਜ ਭਾਵੇਂ ਕਿਸੇ ਸਾਮੀ ਦੀ ਭਾਲ ਵਿੱਚ ਗਏ ਹੋਣ। ਅਗਲੇ ਦਿਨ 11 ਵਜੇ ਏਰੀਆ ਅਫਸਰ ਮਿਲਿਆ। ਇੱਥੇ ਇਹ ਦੱਸਣ ਦੀ ਲੋੜ ਨਹੀਂ, ਮਕੈਨੀਕਲ ਰਿਪੋਰਟ ਮੈਨੂੰ ਕਿਵੇਂ ਮਿਲੀ। ਸਭ ਜਾਣਦੇ ਹਨ, ਪੁਲਸ ਤੋਂ ਅਜਿਹੇ ਸੰਕਟ ਵਿੱਚ ਪ੍ਰਮਾਣ ਪੱਤਰ ਕਿਵੇਂ ਹਾਸਲ ਕਰਦੇ ਹਨ।

ਦੋਸਤੋ! ਇੱਥੇ ਤੁਹਾਨੂੰ ਇੱਕ ਹੋਰ ਘਟਨਾ ਦੱਸਣੀ ਬੇਹੱਦ ਢੁਕਵੀਂ ਹੈ। ਏਦਾਂ ਦੇ ਮਹਿਕਮੇ ਨਾਲ ਸਾਡੇ ਕੁਝ ਡਰਾਈਵਰ ਕਿਵੇਂ ਦੇ ਹੋ ਕੇ ਟੱਕਰਦੇ ਹਨ। ਉਥੋਂ ਖਹਿੜਾ ਛੁਡਵਾ ਕੇ ਅਜੇ ਮੈਂ ਦੁਰਗਾਪੁਰ ਪਹੁੰਚਿਆ ਨਹੀਂ ਸਾਂ, ਪਾਨਾਗੜ੍ਹ ਦੇ ਇਧਰ ਗੱਡੀਆਂ ਇਉਂ ਰੁਕੀਆਂ ਹੋਈਆਂ ਸਨ ਜਿਵੇਂ ਕਿਸੇ ਰੇਲਵੇ ਫਾਟਕ ਦੇ ਲੰਬਾ ਸਮਾਂ ਬੰਦ ਰਹਿਣ ਕਰਕੇ ਜਾਂ ਕਿਸੇ ਘਟਨਾ ਦੇ ਰੋਸ ਵਜੋਂ ਸੜਕ ਜਾਮ ਕਰਕੇ ਜਾਮ ਲੱਗਦਾ ਹੈ। ਡਰਾਈਵਰ ਥਾਂ-ਥਾਂ ਟੋਲੀਆਂ ਬਣਾ ਕੇ ਖੜ੍ਹੇ ਸਨ, ਪਤਾ ਲੱਗਿਆ ਕਿ ਅੱਗੇ ਹਾਈਵੇ ਦੀ ਸਪੈਸ਼ਲ ਪੁਲਸ ਨੇ ਨਾਕਾ ਲਾਇਆ ਹੋਇਆ ਹੈ। ਗੱਡੀਆਂ ਦੇ ਕਾਗਜ਼ ਪੱਤਰ ਤੇ ਚਲਾਣ ਚੈਂਕ ਹੋ ਰਹੇ ਹਨ।

ਕੁਝ ਗੱਡੀਆਂ ਵਿੱਚ ਦੋ ਨੰਬਰ ਦਾ ਮਾਲ ਸੀ। ਕਈਆਂ ਦੇ ਚਲਾਣ ਜਾਅਲੀ ਸਨ। ਕਿਸੇ ਕੋਲ ਲਾਇਸੈਂਸ ਨਹੀਂ ਸੀ। ਅਜਿਹੇ ਡਰਾਈਵਰਾਂ ਦੀਆਂ ਟੋਲੀਆਂ ਵਿੱਚ ਕਾਵਾਂ ਰੌਲੀ ਪਈ ਹੋਈ ਸੀ। ਅਚਾਨਕ ਰੌਲਾ ਪੈ ਗਿਆ, 'ਬਾਸ਼ਾ ਆ ਗਿਆ, ਬਾਸ਼ਾ ਆ ਗਿਆ।'

ਇੱਧਰਲੇ ਖੇਤਰ ਦਾ ਸਾਰਾ ਡਰਾਈਵਰ ਭਾਈਚਾਰਾ ਜਾਣਦਾ ਹੈ, ਬਾਸ਼ਾ ਮੂੰਹ ਫੱਟ ਹੈ, ਬੇਬਾਕ ਹੈ, ਲਾਪਰਵਾਹ ਹੈ ਤੇ ਪੂਰਾ ਛਟਿਆ ਹੋਇਆ ਡਰਾਈਵਰ ਹੈ। ਸਰੀਰ ਪੱਖੋਂ ਬੇਹੱਦ ਮੋਟਾ ਹੈ। ਸਿਰ ਚੰਗੇ ਮਤੀਰੇ ਜਿੱਡਾ। ਪਹਿਲਵਾਨਾਂ ਵਾਂਗ ਸਿਰ ਦੇ ਛੋਟੇ-ਛੋਟੇ ਵਾਲ, ਮੁੱਛਾਂ ਖੜ੍ਹੀਆਂ, ਦਾੜ੍ਹੀ ਜੜ੍ਹਾਂ 'ਚੋਂ ਰੱਖ ਕੇ ਕੱਟੀ ਹੋਈ। ਮੋਢੇ ਉਪਰ ਬਾਰੀਕ ਡੱਬੀਆਂ ਵਾਲਾ ਸਾਫਾ, ਲੰਬਾ ਕੁੜਤਾ, ਪੈਰੀ ਕੁੱਸਾ, ਕੱਦ ਛੇ ਫੁੱਟ ਤੋਂ ਵੀ ਉਪਰ। ਕਿਸੇ ਸੁੱਕੇ ਜਿਹੇ ਸਰੀਰ ਦੇ ਬੰਗਾਲੀ ਦਾ ਉਸ ਵੱਲ ਵੇਖ ਕੇ ਹੈਰਾਨੀ ਨਾਲ ਮੂੰਹ ਟੱਡਿਆ ਜਾਂਦਾ। ਬਾਸ਼ਾ ਗੱਡੀ ਵਿੱਚੋਂ ਉਤਰਿਆ, ਸਾਫੇ ਨਾਲ ਕੁੱਸਾ ਝਾੜਿਆ, ਫਿਰ ਮੂੰਹ ਪੂੰਝ ਕੇ ਪੁੱਛਿਆ, 'ਕੋਈ ਐਕਸੀਡੈਂਟ ਹੋ ਗਿਆ?'

ਕਈ ਆਵਾਜ਼ਾਂ ਆਈਆਂ, 'ਅੱਗੇ ਚੈਕਿੰਗ ਹੋ ਰਹੀ ਹੈ। ਆਰ ਟੀ ਏ ਆਪ ਹੈ।'

'ਬਸ ਏਨੀ ਕੁ ਗੱਲ 'ਤੇ ਜਾਮ ਲਾਇਆ?' ਬਾਸ਼ਾ ਹੱਸਿਆ।

'ਦੋ ਨੰਬਰ ਦੇ ਮਾਲ ਵਾਲਿਆਂ ਨੂੰ ਤੇ ਓਵਰ ਲੋਡ ਵਾਲਿਆਂ ਨੂੰ ਸਿੱਧਾ ਅੰਦਰ ਕਰਦੈ?' ਫਿਰ ਇਹ ਆਵਾਜ਼ਾਂ ਸੁਣੀਆਂ।

ਬਾਸ਼ਾ ਮੁਸਕੜੀਏ ਹੱਸਿਆ। ਆ ਕੇ ਗੱਡੀ ਵਿੱਚ ਬੈਠ ਗਿਆ। ਖਲਾਸੀ ਨੂੰ ਉਪਰ ਕੈਬਿਨ ਉੱਤੇ ਚੜ੍ਹਾ ਦਿੱਤਾ। ਆਪ ਪਹਿਲਾਂ ਕਮੀਜ਼ ਉਤਾਰੀ। ਚਾਦਰਾ ਵੀ ਖੋਲ੍ਹ ਦਿੱਤਾ। ਨਿੱਕਰ ਵੀ ਉਤਾਰ ਲਈ। ਨਿਰ-ਵਸਤਰ ਹੋ ਕੇ ਗੱਡੀ ਸਟਾਰਟ ਕਰ ਲਈ। ਗੱਡੀ ਤੋਰੀ ਤਾਂ ਸਾਰੇ ਹੈਰਾਨ। ਤਮਾਸ਼ਾ ਦੇਖਣ ਲਈ ਸਾਰੇ ਡਰਾਈਵਰ ਤੇ ਖਲਾਸੀ ਗੱਡੀ ਦੇ ਮਗਰ ਹੋ ਤੁਰੇ।

ਰੌਂਗ ਸਾਈਡ ਵਿਹਲੀ ਸੀ, ਲਗੱਭਗ ਅੱਗੇ ਨਾਕੇ ਉੱਤੇ ਪੁੱਜਿਆ ਤਾਂ ਆਰ ਟੀ ਏ ਦੇ ਗੰਨਮੈਨ ਨੇ ਆ ਕੇ ਹੱਥ ਦੇ ਕੇ ਕਿਹਾ, ''ਗਾੜੀ ਰੋਕੋ, ਸਾਈਡ ਕਰੋ।'

'ਅਰੇ ਹਮ ਠੀਕ ਨਹੀਂ ਹੈ।' ਬਾਸ਼ੇ ਨੇ ਬਾਹਰ ਮੂੰਹ ਕੱਢ ਕੇ ਗੰਨਮੈਨ ਨੂੰ ਕਿਹਾ।

'ਨੀਚੇ ਉਤਰੋ ਸਾਲਾ।' ਗੰਨਮੈਨ ਨੇ ਗੱਡੀ ਦੀ ਸ਼ੋਅ 'ਤੇ ਡੰਡਾ ਮਾਰਿਆ।

'ਏ।' ਬਾਸ਼ਾ ਗਰਜਿਆ। 'ਸ਼ੋਅ ਕੋ ਟੱਚ ਨਹੀਂ ਕਰਨੇ ਕਾ, ਔਰ ਗਾਲੀ ਨਹੀਂ ਦੇਨੇ ਕਾ, ਸਮਝੇ? ਗਾੜੀ ਕੋ ਘਰਵਾਲੀ ਸੇ ਜ਼ਿਆਦਾ ਸ਼ਾਂਭ ਕਰ ਰੱਖਦਾ ਹੂੰ।'

ਰੌਲਾ ਸੁਣ ਕੇ ਅਫਸਰ ਆਪਣੇ ਅਮਲੇ ਦੇ ਦੋ ਸਿਪਾਹੀ ਹੋਰ ਲੈ ਕੇ ਗੱਡੀ ਕੋਲ ਆ ਗਿਆ।

'ਹਮਾਰਾ ਆਦਮੀ ਗਾੜੀ ਰੋਕਨੇ ਕੋ ਬੋਲਤਾ, ਤੁਮ ਮਾਨਤਾ ਨਹੀਂ?'

'ਸਾਹਬ ਹਮ ਠੀਕ ਨਹੀਂ ਹੈ।' ਬਾਸ਼ੇ ਨੇ ਮੀਸਣਾ ਬਣਦਿਆਂ ਲਾਚਾਰੀ ਦਿਖਾਈ।

'ਨੀਚੇ ਉਤਰੋ ਤੁਮ। ਗਾੜੀ ਬੰਦ ਕਰੋ।' ਅਫਸਰ ਤੌਹੀਨ ਮੰਨ ਗਿਆ।

'ਸਾਹਬ, ਬੋਲਾ ਨਾ ਹਮ ਠੀਕ ਨਹੀਂ ਹੈ।'

'ਕਾ ਠੀਕ ਨਹੀਂ ਹੈ?' ਗੁੱਸੇ ਵਿੱਚ ਆ ਕੇ ਅਫਸਰ ਨੇ ਗੱਡੀ ਦੀ ਖਿੜਕੀ ਖੋਲ੍ਹੀ। ਬਾਸ਼ਾ ਨਿਰਵਸਤਰ ਬੈਠਾ ਸੀ। ਅਫ਼ਸਰ ਘਬਰਾ ਕੇ ਪਿੱਛੇ ਹਟ ਗਿਆ।

'ਸਾਹਬ, ਪੀਛੇ ਚੈਕਿੰਗ, ਸਭ..।' ਬਾਸ਼ੇ ਨੇ ਹੱਥ ਜੋੜੇ ਤੇ ਖਚਰੀ ਤੱਕਣੀ ਅਫ਼ਸਰ ਨੇ ਜ਼ੋਰ ਨਾਲ ਖਿੜਕੀ ਠਾਹ ਕਰਕੇ ਬੰਦ ਕਰ ਦਿੱਤੀ। ਬਾਸ਼ੇ ਨੇ ਗੱਡੀ ਗੇਅਰ ਵਿੱਚ ਪਾਈ, ਚਾਂਭਲ ਕੇ ਚੀਕ ਮਾਰੀ ਤੇ ਐਕਸੀਲੇਟਰ ਦੱਬ ਦਿੱਤਾ।

## ਛੋਟੇ ਥਾਣੇਦਾਰ ਵਲੋਂ ਪਤਨੀ ਤੇ ਭਤੀਜੀ ਦਾ ਕਤਲ, ਤਿੰਨਾਂ ਜਣਿਆਂ ਦੇ ਖਿਲਾਫ ਕੇਸ ਦਰਜ

ਬਟਾਲਾ, 26 ਨਵੰਬਰ (ਪੋਸਟ ਬਿਊਰੋ)- ਜਾਇਦਾਦ ਹੜੱਪਣ ਲਈ ਤਾਈ-ਭਤੀਜੀ ਦੀ ਹੱਤਿਆ ਦੇ ਦੋਸ਼ ਵਿੱਚ ਘੁੰਮਣ ਕਲਾਂ ਪੁਲਸ ਨੇ ਇੱਕ ਔਰਤ ਸਣੇ ਤਿੰਨ ਜਣਿਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ, ਜਿਸ ਦੇ ਦੋਸ਼ੀ ਅਜੇ ਫਰਾਰ ਦੱਸੇ ਜਾ ਰਹੇ ਹਨ। ਕਤਲ ਦੀ ਵਾਰਦਾਤ ਕਰਨ ਵਾਲੇ ਵੀ ਇਨ੍ਹਾਂ ਮ੍ਰਿਤਕਾਂ ਦੇ ਰਿਸ਼ਤੇਦਾਰ ਹਨ, ਜਿਨ੍ਹਾਂ ਨੇ ਜਾਇਦਾਦ ਲਈ ਦੋਹਰਾ ਕਤਲ ਕਾਂਡ ਕੀਤਾ ਹੈ, ਜਿਸ ਦਾ ਮੁੱਖ ਦੋਸ਼ੀ ਪੁਲਸ ਦਾ ਸਹਾਇਕ ਸਬ ਇੰਸਪੈਕਟਰ ਹੈ।



ਘੁੰਮਣ ਕਲਾਂ ਥਾਣੇ ਦੇ ਇੰਚਾਰਜ ਰਾਮ ਸਿੰਘ ਨੇ ਦੱਸਿਆ ਕਿ ਕੱਲ੍ਹ ਪਿੰਡ ਗੱਗੋਵਾਲੀ ਵਿਚ ਇਕ ਔਰਤ ਅਤੇ ਕੁੜੀ ਦੀ ਲਾਸ਼ ਕਮਰੇ ਵਿੱਚ ਪੱਖੇ ਨਾਲ ਲਟਕਦੀ ਮਿਲੀ ਸੀ। ਸਭ ਤੋਂ ਪਹਿਲਾਂ ਪਰਿਵਾਰਕ ਮੈਂਬਰਾਂ ਨੇ ਇਹ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਦੋਵਾਂ ਨੇ ਖੁਦਕੁਸ਼ੀ ਕੀਤੀ ਹੈ, ਪਰ ਬਾਅਦ ਵਿੱਚ ਜਾਂਚ ਕਰਨ ਉੱਤੇ ਪਤਾ ਲੱਗਾ ਕਿ ਇਹ ਮਾਮਲਾ ਇਨ੍ਹਾਂ ਔਰਤਾਂ ਦੀ ਜਾਇਦਾਦ ਹੜੱਪਣ ਦਾ ਹੈ। ਰਾਮ ਸਿੰਘ ਦੇ ਮੁਤਾਬਕ ਮ੍ਰਿਤਕਾ ਰਾਜਬੀਰ ਕੌਰ (55) ਦੇ ਭਰਾ ਨਿਰਮਲ ਸਿੰਘ ਪੁੱਤਰ ਦਾਨ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦੀ ਭੈਣ ਰਾਜਬੀਰ ਦਾ ਵਿਆਹ 28 ਸਾਲ ਪਹਿਲਾਂ ਮੰਗਲ ਸਿੰਘ ਪੁੱਤਰ ਵੱਸਣ ਸਿੰਘ ਨਾਲ ਹੋਇਆ ਸੀ। ਉਨ੍ਹਾਂ ਦੇ 2 ਬੱਚੇ ਵੀ ਹਨ, ਪਰ ਮੰਗਲ ਸਿੰਘ ਨੇ ਦੂਜਾ ਵਿਆਹ ਬਲਵਿੰਦਰ ਕੌਰ ਉਰਫ਼ ਸੋਨੀਆ ਨਾਲ ਕਰਵਾ ਲਿਆ। ਇਸ ਦਾ ਇਤਰਾਜ਼ ਕਰਨ ਉੱਤੇ ਮੰਗਲ ਸਿੰਘ ਨੇ ਇਕ ਸਮਝੌਤਾ ਲਿਖ ਕੇ ਦਿੱਤਾ ਸੀ ਕਿ ਉਹ ਇਕ ਏਕੜ ਜ਼ਮੀਨ ਅਤੇ ਨੌਕਰੀ ਤੋਂ ਮਿਲਦੇ ਸਾਰੇ ਲਾਭ ਸਾਡੀ ਭੈਣ ਰਾਜਬੀਰ ਕੌਰ ਨੂੰ ਦੇਵੇਗਾ। ਇਸੇ ਤਰ੍ਹਾਂ ਮੰਗਲ ਸਿੰਘ ਦੇ ਇਕ ਭਰਾ ਦੀ ਮੌਤ ਹੋ ਚੁੱਕੀ ਹੈ ਅਤੇ ਉਸਦੀ ਪਤਨੀ ਨੇ ਦੂਜਾ ਵਿਆਹ ਕਰਵਾ ਲਿਆ ਸੀ, ਪਰ ਉਸ ਦੇ ਭਰਾ ਦੀ ਕੁੜੀ ਮੰਗਲ ਸਿੰਘ ਦੇ ਕੋਲ ਰਹਿੰਦੀ ਸੀ। ਇਸੇ ਕਾਰਨ ਉਹ ਦੋਵੇਂ ਜਣੀਆਂ ਮੰਗਲ ਸਿੰਘ ਕੋਲ ਜਿੰਨੀ ਜਾਇਦਾਦ ਸੀ, ਉਸ ਦੀਆਂ ਹਿੱਸੇਦਾਰ ਸਨ। ਦੋਵਾਂ ਦਾ ਹਿੱਸਾ ਹੜੱਪਣ ਲਈ ਮੰਗਲ ਸਿੰਘ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ।ਅ

ਥਾਣਾ ਮੁਖੀ ਰਾਮ ਸਿੰਘ ਨੇ ਦੱਸਿਆ ਕਿ ਇਸ ਦੋਹਰੇ ਕਤਲ ਕਾਂਡ ਸਬੰਧੀ ਪੁਲਸ ਨੇ ਮੰਗਲ ਸਿੰਘ, ਉਸ ਦੇ ਪਿਤਾ ਵੱਸਣ ਸਿੰਘ ਤੇ ਮੰਗਲ ਦੀ ਪਤਨੀ ਬਲਵਿੰਦਰ ਕੌਰ ਉਰਫ ਸੋਨੀਆ ਵਿਰੁੱਧ ਕੇਸ ਦਰਜ ਕੀਤਾ ਅਤੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਵਿਆਹੁਤਾ ’ਤੇ ਤਸ਼ੱਦਦ ਦੇ ਦੋਸ਼ ਹੇਠ ਸਹੁਰਾ ਪਰਵਾਰ ਦੇ ਛੇ ਜੀਆਂ ਖਿਲਾਫ ਕੇਸ ਦਰਜ

*** ਪਤਨੀ ਨੂੰ ਸਿੰਗਾਪੁਰ ਭੇਜ ਕੇ ਪਤੀ ਨੇ ਦੂਜਾ ਵਿਆਹ ਕਰਵਾ ਲਿਆ**

ਤਰਨਤਾਰਨ, 26 ਨਵੰਬਰ (ਪੋਸਟ ਬਿਊਰੋ)- ਥਾਣਾ ਸਦਰ ਦੀ ਪੁਲਸ ਨੇ ਵਿਆਹੁਤਾ ਦੀ ਸ਼ਿਕਾਇਤ 'ਤੇ ਉਸ ਉਪਰ ਤਸ਼ੱਦਦ ਕਰਨ ਅਤੇ ਉਸ ਤੋਂ ਤਲਾਕ ਲਏ ਬਿਨਾਂ ਉਸ ਦੇ ਪਤੀ ਦਾ ਦੂਸਰਾ ਵਿਆਹ ਕਰਨ ਦੇ ਦੋਸ਼ ਹੇਠ ਉਸ ਦੇ ਪਤੀ ਸਮੇਤ ਸਹੁਰਾ ਪਰਵਾਰ ਦੇ ਛੇ ਜਣਿਆਂ ਵਿਰੁੱਧ ਕੇਸ ਦਰਜ ਕੀਤਾ ਹੈ।



ਜਾਂਚ ਅਧਿਕਾਰੀ ਏ ਐਸ ਆਈ ਸਵਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਵਿੱਚ ਗੁਰਮੀਤ ਕੌਰ ਦਾ ਪਤੀ ਗੁਰਲਾਲ ਸਿੰਘ, ਜੇਠ ਗੁਰਜੀਤ ਸਿੰਘ, ਅਮਰੀਕ ਸਿੰਘ, ਸਹੁਰਾ ਗੁਰਭੇਜ ਸਿੰਘ, ਸੱਸ ਬਲਵਿੰਦਰ ਕੌਰ ਵਾਸੀ ਪੰਡੋਰੀ ਗੋਲਾ ਅਤੇ ਮਾਸੀ ਸੱਸ ਜਸਬੀਰ ਕੌਰ ਗੁੱਡੀ ਵਾਸੀ ਕੈਰੋਂ ਸ਼ਾਮਲ ਹਨ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀਆਂ ਨੇ ਘਰ ਵਿੱਚ ਵਿਆਹੁਤਾ ਦਾ ਗਲ ਘੁੱਟ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਤੋਂ ਬਾਅਦ ਕੱਲ੍ਹ ਉਸ ਨੂੰ ਇੱਥੇ ਸਿਵਲ ਹਪਤਾਲ ਦਾਖਲ ਕਰਨਾ ਪਿਆ ਸੀ। ਗੁਰਮੀਤ ਕੌਰ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਵਿਆਹ ਪੰਜ ਸਾਲ ਪਹਿਲਾਂ ਗੁਰਲਾਲ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਸ ਦੇ ਸਹੁਰਾ ਪਰਵਾਰ ਨੇ ਉਸ ਦਾ ਸਿੰਗਾਪੁਰ ਦੀ ਵੀਜ਼ਾ ਲਵਾ ਕੇ ਓਥੇ ਭੇਜ ਦਿੱਤਾ।ਸਿੰਗਾਪੁਰ ਤੋਂ ਉਹ ਪਿਛਲੇ ਮਹੀਨੇ ਵਾਪਸ ਆਈ ਤਾਂ ਕੁਝ ਦਿਨਾਂ ਬਾਅਦ ਉਸ ਦੇ ਪਤੀ ਨੇ ਦੱਸਿਆ ਕਿ ਉਸ ਨੇ ਦੂਜਾ ਵਿਆਹ ਕਰ ਲਿਆ ਹੈ, ਜਿਸ ਕਰਕੇ ਉਹ ਪੇਕੇ ਚਲੀ ਜਾਵੇ। ਉਹ ਇਸ ਲਈ ਰਾਜ਼ੀ ਨਾ ਹੋਈ ਤਾਂ ਉਸ ਦੇ ਸਹੁਰਾ ਪਰਵਾਰ ਨੇ ਉਸ ਨੂੰ ਫਾਹਾ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਗੁਰਮੀਤ ਕੌਰ ਨੇ ਦੱਸਿਆ ਕਿ ਸਿੰਗਾਪੁਰ ਤੋਂ ਉਸ ਨੇ ਆਪਣੇ ਪਤੀ ਦੇ ਬੈਂਕ ਖਾਤੇ ਵਿੱਚ 12 ਲੱਖ ਰੁਪਏ ਜਮ੍ਹਾਂ ਕਰਵਾਏ ਸਨ। ਉਸ ਨੇ ਦੋਸ਼ ਲਾਇਆ ਕਿ ਉਸ ਦੀ ਮਾਸੀ ਸੱਸ ਜਸਬੀਰ ਕੌਰ ਨੇ ਉਸ ਦੇ ਤਲਾਕ ਦੇ ਦਸਤਾਵੇਜ਼ਾਂ 'ਤੇ ਦਸਖਤ ਕੀਤੇ ਸਨ। ਹਸਪਤਾਲ ਤੋਂ ਛੁੱਟੀ ਮਿਲਣ ਉੱਤੇ ਗੁਰਮੀਤ ਕੌਰ ਆਪਣੇ ਪੇਕੇ ਘਰ ਨੱਥੂਚੱਕ ਚਲੀ ਗਈ ਹੈ ਅਤੇ ਪੁਲਸ ਕੇਸ ਦੀ ਜਾਂਚ ਕਰ ਰਹੀ ਹੈ।

## ਸੀ ਆਈ ਏ ਸਟਾਫ ਰਾਜਪੁਰਾ ਦੇ ਮੁਖੀ ’ਤੇ ਕੇਸ ਦਰਜ

ਪਟਿਆਲਾ, 26 ਨਵੰਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਵਿਧਾਇਕ ਹਰਦਿਆਲ ਕੰਬੋਜ ਵੱਲੋਂ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਵਿੱਚ ਰਾਜਪੁਰਾ ਸੀ ਆਈ ਏ ਸਟਾਫ ਉੱਤੇ ਨਸ਼ੇ ਵਾਲੀਆਂ ਗੋਲੀਆਂ ਦਾ ਮਾਮਲਾ ਕਾਰਵਾਈ ਦੇ ਬਿਨਾਂ ਖੁਰਦ-ਬੁਰਦ ਕਰਨ ਦੇ ਦੋਸ਼ ਲਾਏ ਜਾਣ ਦੇ ਮਾਮਲੇ 'ਚ ਪਟਿਆਲਾ ਪੁਲਸ ਨੇ ਸੀ ਆਈ ਏ ਸਟਾਫ ਰਾਜਪੁਰਾ ਦੇ ਇੰਚਾਰਜ ਇੰਸਪੈਕਟਰ ਗੁਰਜੀਤ ਸਿੰਘ, ਏ ਐਸ ਆਈ ਸਾਹਬ ਸਿੰਘ ਅਤੇ ਏ ਐਸ ਆਈ ਗੁਰਦੀਪ ਸਿੰਘ ਉੱਤੇ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਹੈ। ਇਸ ਦੌਰਾਨ ਏ ਐਸ ਆਈ ਗੁਰਦੀਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਥਾਣਾ ਸਿਟੀ ਰਾਜਪੁਰਾ ਵਿੱਚ ਇਸ ਬਾਰੇ ਹਰੀ ਓਮ ਸ਼ੁਕਲਾ ਵਾਸੀ ਨਵਾਂ ਗਾਓਂ ਚੰਡੀਗੜ੍ਹ ਅਤੇ ਮੁਕੇਸ਼ ਕੁਮਾਰ ਦੇ ਖਿਲਾਫ 22 ਨਵੰਬਰ ਨੂੰ ਐਨ ਡੀ ਪੀ ਐਸ ਐਕਟ ਦਾ ਕੇਸ ਦਰਜ ਕੀਤਾ ਗਿਆ ਸੀ।

## ਕਾਂਗਰਸੀ ਵਿਧਾਇਕ ਜਲਾਲਪੁਰ ਦਾ ਸਪੱਸ਼ਟੀਕਰਨ, ਵੀਡੀਓ ਨਾਲ ਛੇੜਛਾੜ ਹੋਈ ਹੈ

ਚੰਡੀਗੜ੍ਹ, 26 ਨਵੰਬਰ (ਪੋਸਟ ਬਿਊਰੋ)- ਘਨੌਰ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਪਿਛਲੇ ਦਿਨੀਂ ਔਰਤਾਂ ਦੇ ਖਿਲਾਫ ਕੀਤੀ ਗਈ ਟਿਪਣੀ ਤੋਂ ਸਾਫ ਮੁੱਕਰ ਗਏ ਹਨ। ਕੱਲ੍ਹ ਜਲਾਲਪੁਰ ਨੇ ਮਹਿਲਾ ਕਮਿਸ਼ਨ ਨੂੰ ਭੇਜੇ ਸਪੱਸ਼ਟੀਕਰਨ ਵਿੱਚ ਕਿਹਾ ਕਿ ਵੀਡੀਓ ਨਾਲ ਛੇੜਛਾੜ ਕਰਕੇ ਕਿਸੇ ਸ਼ਰਾਰਤੀ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀ ਹੈ। ਕਾਂਗਰਸੀ ਵਿਧਾਇਕ ਜਲਾਲਪੁਰ ਦੇ ਸਪੱਸ਼ਟੀਕਰਨ ਤੋਂ ਬਾਅਦ ਮਹਿਲਾ ਕਮਿਸ਼ਨ ਦੀ ਚੇਅਰਪਸਨ ਮੁਨੀਸ਼ਾ ਗੁਲਾਟੀ ਨੇ ਸਤੁੰਸ਼ਟੀ ਜ਼ਹਾਰ ਕਰਦਿਆਂ ਨੋਟਿਸ ਦੀ ਕਾਰਵਾਈ ਬੰਦ ਕਰ ਦਿੱਤੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਮਹਿਲਾ ਕਮਿਸ਼ਨ ਵੱਲੋਂ ਵਿਧਾਇਕ ਨੂੰ ਨੋਟਿਸ ਜਾਰੀ ਕਰਨ 'ਤੇ ਕਾਂਗਰਸ ਪਾਰਟੀ ਦੇ ਵਿਧਾਇਕਾਂ ਅਤੇ ਆਗੂਆਂ ਵਿੱਚ ਖਲਬਲੀ ਮਚ ਗਈ ਕਿ ਕਾਂਗਰਸ ਦੀ ਸਰਕਾਰ 'ਚ ਕਮਿਸ਼ਨ ਵਲੋਂ ਕਾਂਗਰਸੀ ਵਿਧਾਇਕ ਨੂੰ ਐਸ ਐਸ ਪੀ ਦੇ ਰਾਹੀਂ ਨੋਟਿਸ ਭੇਜ ਦਿੱਤਾ ਗਿਆ ਹੈ। ਸ਼ਾਹੀ ਸ਼ਹਿਰ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਕਾਂਗਰਸ ਦੇ ਵਿਧਾਇਕਾਂ ਵਿੱਚ ਪਹਿਲਾਂ ਹੀ ਸਰਕਾਰ ਦੇ ਖਿਲਾਫ ਨਰਾਜ਼ਗੀ ਚੱਲ ਰਹੀ ਹੈ। ਮਹਿਲਾ ਕਮਿਸ਼ਨ ਦੇ ਨੋਟਿਸ ਨੇ ਇੱਕ ਤਰ੍ਹਾਂ ਨਾਲ ਅੱਗ ਉੱਤੇ ਘਿਓ ਦਾ ਕੰਮ ਕੀਤਾ। ਪਤਾ ਲੱਗਾ ਹੈ ਕਿ ਕਾਂਗਰਸ ਦੇ ਇੱਕ ਵੱਡੇ ਆਗੂ ਨੇ ਕਮਿਸ਼ਨ ਦੀ ਚੇਅਰਪਰਸਨ ਨਾਲ ਗੱਲਬਾਤ ਵਿੱਚ ਨਰਾਜ਼ਗੀ ਵੀ ਜ਼ਹਾਰ ਕੀਤੀ ਹੈ।

ਦੱਸਿਆ ਜਾਂਦਾ ਹੈ ਕਿ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨਾਲ ਗੱਲ ਕਰਨ ਵਾਲੇ ਕਾਂਗਰਸੀ ਆਗੂ ਨੇ ਕਿਹਾ ਕਿ ਐਡੀ ਵੱਡੀ ਗੱਲ ਨਹੀਂ ਸੀ, ਜਿੱਡੀ ਨੋਟਿਸ ਜਾਰੀ ਕਰਕੇ ਬਣਾ ਦਿੱਤੀ ਗਈ ਹੈ। ਇਸ ਆਗੂ ਦੀ ਦਲੀਲ ਸੀ ਕਿ ਕਮਿਸ਼ਨ ਨੇ ਅਜਿਹਾ ਕਰਕੇ ਵਿਰੋਧੀਆਂ ਨੂੰ ਇੱਕ ਤਰ੍ਹਾਂ ਮੁੱਦਾ ਦੇ ਦਿੱਤਾ ਹੈ।

## ਗੁੱਜਰਾਂ ਨੇ ਡੇਰੇ ਉੱਤੇ ਪਰਵਾਸੀ ਮਜ਼ਦੂਰ ਬੰਦੀ ਬਣਾਏ ਗਏ !

ਫਤਿਆਬਾਦ, 26 ਨਵੰਬਰ (ਪੋਸਟ ਬਿਊਰੋ)- ਕਸਬਾ ਗੋਇੰਦਵਾਲ ਸਾਹਿਬ ਵਿਖੇ ਦੋ ਇਹੋ ਜਿਹੇ ਪਰਵਾਸੀ ਮਜ਼ਦੂਰ ਸਾਹਮਣੇ ਆਏ ਹਨ, ਜਿਨ੍ਹਾਂ ਨੇ ਗੁੱਜਰਾਂ ਉੱਤੇ ਬੰਦੀ ਬਣਾ ਕੇ ਰੱਖਣ ਦਾ ਦੋਸ਼ ਲਾਇਆ ਹੈ। ਇਹ ਖੁਲਾਸਾ ਉਨ੍ਹਾਂ ਨੇ ਗੁੱਜਰਾਂ ਦੇ ਡੇਰੇ ਨਾਲ ਲਗਦੇ ਧਾਰਮਿਕ ਅਸਥਾਨ 'ਤੇ ਲੰਗਰ ਛਕਣ ਦੌਰਾਨ ਉਥੋਂ ਦੇ ਸੇਵਾਦਾਰਾਂ ਕੋਲ ਕੀਤਾ।



ਐਸ ਡੀ ਐਮ ਖਡੂਰ ਸਾਹਿਬ ਦੇ ਨਿਰਦੇਸ਼ਾਂ ਉੱਤੇ ਪੁਲਸ ਨੇ ਡੇਰੇ ਵਿੱਚ ਜਾ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਡੇਰੇ ਦੇ ਲੋਕਾਂ ਨੇ ਕਿਸੇ ਨੂੰ ਵੀ ਬੰਦੀ ਬਣਾਉਣ ਦੀ ਗੱਲ ਨੂੰ ਰੱਦ ਕੀਤਾ ਹੈ।ਮਜ਼ਦੂਰਾਂ ਨੇ ਦੱਸਿਆ ਕਿ ਪਸ਼ੂਆਂ ਦੀ ਸਾਂਭ ਸੰਭਾਲ ਕਰਵਾਉਣ ਦੇ ਨਾਲ ਉਨ੍ਹਾਂ ਦੀ ਕੁੱਟਮਾਰ ਵੀ ਕੀਤੀ ਜਾਂਦੀ ਸੀ। ਡੇਰੇ ਨਾਲ ਲਗਦੇ ਧਾਰਮਿਕ ਸਥਾਨ ਬਾਬਾ ਸ਼ਾਹ ਹੁਸੈਨ ਦੇ ਸੇਵਾਦਾਰ ਕੁਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਹ ਵਿਅਕਤੀ ਆਪਣੇ ਘਰ ਜਾਣ ਲਈ ਅਕਸਰ ਰੋਂਦਾ ਰਹਿੰਦਾ ਸੀ। ਧਾਰਮਿਕ ਅਸਥਾਨ ਦੇ ਪ੍ਰਬੰਧਕ ਰਣਜੀਤ ਸਿੰਘ ਭੱਲਾ ਨੇ ਪੱਤਰਕਾਰਾਂ ਨੂੰ ਦੋਵਾਂ ਦੇ ਹਾਲਾਤ ਦੀ ਜਾਣਕਾਰੀ ਦਿੱਤੀ। ਐਸ ਡੀ ਐਮ ਰਾਜੇਸ਼ ਕੁਮਾਰ ਸ਼ਰਮਾ ਨੇ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੂੰ ਇਸ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ। ਡੇਰੇ 'ਚ ਰਹਿੰਦੇ ਲੋਕਾਂ ਨੇ ਕਿਹਾ ਕਿ ਉਨ੍ਹਾਂ ਕਿਸੇ ਨੂੰ ਬੰਦੀ ਨਹੀਂ ਬਣਾਇਆ, ਦੋਵੇਂ ਮਜ਼ਦੂਰ ਮਰਜ਼ੀ ਨਾਲ ਰਹਿ ਰਹੇ ਸਨ।

## ਪੰਜਾਬ ਵਿੱਚ ਕਿੰਨੇ ਲੋਕਾਂ ਨੂੰ ਰੋਜ਼ਗਾਰ ਮਿਲਿਆ, ਸਰਕਾਰ ਨੂੰ ਪਤਾ ਹੀ ਨਹੀਂ

ਚੰਡੀਗੜ੍ਹ, 26 ਨਵੰਬਰ (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਢਾਈ ਸਾਲ ਤੋਂ ਵੱਧ ਸਮੇਂ ਦੇ ਰਾਜ ਵਿੱਚ ਏਥੇਦਸਤਾਵੇਜ਼ਾਂ ਦੇ ਆਧਾਰ ਉੱਤੇ ਪੰਜਾਹ ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਦਾ ਦਾਅਵਾ ਕੀਤਾ ਜਾ ਰਿਹਾ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਇਸ ਨਿਵੇਸ਼ ਨਾਲ ਸੂਬੇ ਵਿੱਚ 1.76 ਲੱਖ ਰੋਜ਼ਗਾਰ ਦੇ ਮੌਕੇ ਪੈਦਾ ਹੋਏ ਹਨ, ਪਰ ਸਰਕਾਰ ਦੇ ਉਦਯੋਗ ਵਿਭਾਗ ਜਾਂ ਇਨਵੈਸਟਮੈਂਟ ਬਿਊਰੋ ਕੋਈ ਪੱਕੀ ਜਾਣਕਾਰੀ ਨਹੀਂ ਕਿ ਇਸ ਨਿਵੇਸ਼ ਨਾਲ ਇਨ੍ਹਾਂ ਸਾਲਾਂ ਵਿੱਚ ਕਿੰਨੇ ਰੋਜ਼ਗਾਰ ਦੇ ਮੌਕੇ ਪੈਦਾ ਹੋਏ ਜਾਂ ਅਸਲ ਰੂਪ ਵਿੱਚ ਕਿੰਨੇ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਮਿਲਿਆ।

ਰਾਜ ਸਰਕਾਰ ਵੱਲੋਂ ਤਿਆਰ ਕੀਤੇ ਪੰਜਾਹ ਹਜ਼ਾਰ ਕਰੋੜ ਦੇ ਨਿਵੇਸ਼ ਦੇ ਅੰਕੜੇ ਵਿੱਚ ਲਗਭਗ ਅੱਧੀ ਰਾਸ਼ੀ ਯਾਨੀ 21,991 ਕਰੋੜ ਰੁਪਏ ਐੱਚ ਪੀ ਸੀ ਐੱਲ-ਮਿੱਤਲ ਐਨਰਜੀ ਦੀ ਬਠਿੰਡਾ ਵਾਲੀ ਰਿਫਾਈਨਰੀ ਦੀ ਐਕਸਪੈਂਸ਼ਨ ਵਿੱਚ ਨਿਵੇਸ਼ ਕੀਤੇ ਜਾਣੇ ਹਨ। ਇਸ ਦੇ ਬਿਨਾ ਪੰਜਾਬ ਸਰਕਾਰ ਦੇ ਅਦਾਰੇ ਮਿਲਕਫੈਡ ਦੀ ਐਕਸਪੈਂਸ਼ਨ ਯੋਜਨਾ ਦੇ 326,69 ਕਰੋੜ ਦੀ ਨਿਵੇਸ਼ ਯੋਜਨਾ ਨੂੰ ਵੀ ਕੁੱਲ ਨਿਵੇਸ਼ ਦੀ ਰਾਸ਼ੀ ਵਿੱਚ ਸ਼ਾਮਲ ਕੀਤਾ ਗਿਆ ਹੈ।

ਉਦਯੋਗ ਅਤੇ ਵਪਾਰ ਵਿਭਾਗ ਦੀ ਐਡੀਸ਼ਨਲ ਚੀਫ ਸੈਕਟਰੀ ਵਿੰਨੀ ਮਹਾਜਨ ਦੇ ਅਨੁਸਾਰ ਮੌਜੂਦਾ ਸਰਕਾਰ ਦੇ ਰਾਜ ਵਿੱਚ ਨਿਵੇਸ਼ ਕੀਤੇ ਪੰਜਾਹ ਹਜ਼ਾਰ ਕਰੋੜ ਵਿੱਚ 3523 ਕਰੋੜ ਰੁਪਏ ਐਗਰੋ ਐਂਡ ਫੂਡ ਪ੍ਰੋਸੈਸਿੰਗ, 8300 ਕਰੋੜ ਰੁਪਏ ਲਾਈਟ ਇੰਜੀਨੀਅਰਿੰਗ ਮੈਨੂਫੈਕਚਰਿੰਗ, 22711 ਕਰੋੜ ਰੁਪਏ ਕੈਮੀਕਲ ਐਂਡ ਪੈਟਰੋ ਕੈਮੀਕਲਜ਼, 5727 ਕਰੋੜ ਰੁਪਏ ਸਿਖਿਆ ਖੇਤਰ ਵਿੱਚ, 2116 ਕਰੋੜ ਰੁਪਏ ਨਿਊ ਐਂਡ ਰਿਨਿਊਲ ਸੋਰਸਿਜ ਆਫ ਐਨਰਜੀ ਅਤੇ 8027 ਕਰੋੜ ਰੁਪਏ ਹੋਰ ਖੇਤਰਾਂ ਵਿੱਚ ਨਿਵੇਸ਼ ਹੋਏ ਹਨ। ਇਸ ਵਿੱਚੋਂ 13 ਫੀਸਦੀ ਪ੍ਰੋਜੈਕਟ ਜ਼ਮੀਨ ਖਰੀਦ ਜਾਂ ਇਸ ਦਾ ਹੋਰ ਪ੍ਰਬੰਧ ਕਰਨ, 19 ਫੀਸਦੀ ਸਾਈਟ ਦੀ ਮਨਜ਼ੂਰੀ ਦੇ ਦੌਰ ਵਿੱਚ ਤੇ 68 ਫੀਸਦੀ ਉਸਾਰੀ ਅਧੀਨ ਜਾਂ ਉਤਪਾਦਨ ਦੇ ਦੌਰ ਵਿੱਚ ਹਨ। ਨਿਵੇਸ਼ਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਾਰੋਬਾਰੀ ਉਤਪਾਦਨ ਦੀ ਸਥਿਤੀ ਵਿੱਚ ਪਹੁੰਚਣ ਉਤੇ ਸੂਬੇ ਦੇ ਨੌਜਵਾਨਾਂ ਨੂੰ 1.76 ਲੱਖ ਰੋਜ਼ਗਾਰ ਦੇ ਮੌਕੇ ਮਿਲਣਗੇ। ਅਜੇ ਤੱਕ ਇਸ ਨਿਵੇਸ਼ ਦੇ ਕਾਰਨ ਸੂਬੇ ਵਿੱਚ ਕਿੰਨੇ ਨੌਜਵਾਨਾਂ ਨੂੰ ਰੋਜ਼ਗਾਰ ਮਿਲਿਆ ਹੈ? ਵਿੰਨੀ ਮਹਾਜਨ ਨੇ ਮਾਮਲਾ ਇਨਵੈਸਟਮੈਂਟ ਬਿਊਰੋ ਦੇ ਅਧਿਕਾਰੀ ਨੂੰ ਰੈਫਰ ਕੀਤਾ, ਜਿਨ੍ਹਾਂਨੇ ਕਿਹਾ ਕਿ ਇਸ ਤਰ੍ਹਾਂ ਦਾ ਪੱਕਾ ਡਾਟਾ ਅਜੇ ਤੱਕ ਉਪਲਬਧ ਨਹੀਂ ਹੋਇਆ ਹੈ, ਕਿਉਂਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਕਿਸ ਨਿਵੇਸ਼ਕ ਨੇ ਅਜੇ ਤੱਕ ਕਿੰਨੇ ਲੋਕਾਂ ਨੂੰ ਰੋਜ਼ਗਾਰ ਉਪਲਬਧ ਕਰਾਇਆ ਹੈ।

## ਪਿੰਡ ਲਿੱਤਰਾਂ ਦੇ ਸ਼ਮਸ਼ਾਨਘਾਟ ਵਿੱਚੋਂ ਨੌਜਵਾਨ ਦੀ ਲਾਸ਼ ਮਿਲੀ




ਨਕੋਦਰ, 26 ਨਵੰਬਰ (ਪੋਸਟ ਬਿਊਰੋ)- ਨਜ਼ਦੀਕੀ ਪਿੰਡ ਲਿੱਤਰਾਂ ਵਿਖੇ ਇੱਕ ਨਾਬਾਲਗ ਨੌਜਵਾਨ ਦੀ ਭੇਦਭਰੇ ਹਾਲਾਤ ਵਿੱਚ ਲਾਸ਼ ਮਿਲਣ ਨਾਲ ਪਿੰਡ 'ਚ ਸਨਸਨੀ ਫੈਲ ਗਈ। ਡੀ ਐਸ ਪੀ ਸਰਬਜੀਤ ਸਿੰਘ ਰਾਏਮੌਕੇ 'ਤੇ ਪਹੁੰਚੇ ਤਾਂ ਮ੍ਰਿਤਕ ਦੀ ਪਛਾਣ ਪਰਮਵੀਰ ਸਿੰਘ (17) ਪੁੱਤਰ ਹਰਜੀਤ ਸਿੰਘ ਪਿੰਡ ਲਿੱਤਰਾਂ, ਨਕੋਦਰ ਵਜੋਂ ਹੋਈ।

ਇਸ ਸੰਬੰਧ ਵਿੱਚ ਸਦਰ ਥਾਣਾ ਦੇ ਮੁਖੀ ਸਿਕੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਾਮ ਕਰੀਬ ਛੇ ਵਜੇ ਸੂਚਨਾ ਮਿਲੀ ਕਿ ਪਿੰਡ ਲਿੱਤਰਾਂ ਦੇ ਸ਼ਮਸ਼ਾਨਘਾਟ ਵਿੱਚ ਪਿੰਡ ਦੇ ਨੌਜਵਾਨ ਦੀ ਲਾਸ਼ ਪਈ ਹੈ। ਉਹ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚੇ। ਮ੍ਰਿਤਕ ਪਰਮਵੀਰ ਸਿੰਘ (17) ਪੁੱਤਰ ਹਰਜੀਤ ਸਿੰਘ ਪਿੰਡ ਲਿੱਤਰਾਂ ਨੇੜਲੇ ਸ਼ਹਿਰ ਨਕੋਦਰ ਦੇ ਇੱਕ ਸਕੂਲ ਵਿੱਚ 10ਵੀਂ ਕਲਾਸ ਵਿੱਚ ਪੜ੍ਹਦਾ ਸੀ। ਉਸ ਦਾ ਪਿਤਾ ਵਿਦੇਸ਼ ਗਿਆ ਹੋਇਆ ਹੈ। ਕੱਲ੍ਹ ਦੁਪਹਿਰ ਆਪਣੇ ਦੋਸਤਾਂ ਨਾਲ ਕਿਸੇ ਕੰਮ ਗਿਆ ਸੀ, ਪਰ ਸ਼ਾਮ ਨੂੰ ਉਸ ਦੀ ਲਾਸ਼ ਸ਼ਮਸ਼ਾਨਘਾਟ ਵਿੱਚੋਂ ਮਿਲੀ।ਡੀ ਐਸ ਪੀ ਸਰਬਜੀਤ ਰਾਏ ਨੇ ਕਿਹਾ ਕਿ ਇਸ ਘਟਨਾ ਦੀ ਪੱਖਾਂ ਤੋਂ ਜਾਂਚ ਕੀਤੀ ਜਾ ਰਹੀ ਹੈ ਤੇ ਜਾਂਚ ਉਪਰੰਤ ਕਿਸੇ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

## ‘ਵਿਰਾਸਤ-ਏ-ਖਾਲਸਾ' ਦਰਸ਼ਕਾਂ ਦੀ ਗਿਣਤੀ ਪੱਖੋਂ ‘ਵਰਲਡ ਬੁੱਕ ਆਫ ਰਿਕਾਰਡਜ਼' ਵਿੱਚ ਸ਼ਾਮਲ

ਚੰਡੀਗੜ੍ਹ, 26 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਏ ਅਤਿ-ਆਧੁਨਿਕ ਅਜਾਇਬ ਘਰ ‘ਵਿਰਾਸਤ-ਏ-ਖਾਲਸਾ' ਨੇ ਰੋਜ਼ਾਨਾ ਸਭ ਤੋਂ ਵੱਧ ਟੂਰਿਸਟਾਂ ਦੀ ਆਮਦ ਨਾਲ ਸਾਲਾਨਾ ਹਵਾਲਾ ਪੁਸਤਕ ‘ਵਰਲਡ ਬੁੱਕ ਆਫ ਰਿਕਾਰਡਜ਼' ਵਿੱਚ ਸੂਚੀਬੱਧ ਹੋ ਕੇ ਇੱਕ ਹੋਰ ਨਵਾਂ ਰਿਕਾਰਡ ਬਣਾ ਲਿਆ ਹੈ।



ਇਸ ਸੰਬੰਧ ਵਿੱਚ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ‘ਵਰਲਡ ਬੁੱਕ ਆਫ ਰਿਕਾਰਡਜ਼' ਦੇ ਵਫਦ ਨੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਹੈ। ਇਸ ਬਾਰੇ ਕੱਲ੍ਹ ਇੱਥੇ ਇੱਕ ਸਮਾਰੋਹ 'ਚ ਪੁਰਸਕਾਰ ਦੇਣ ਲਈ ਇਹ ਵਫਦ ਵਿਸ਼ੇਸ਼ ਤੌਰ ਉੱਤੇ ਪਹੁੰਚਿਆ ਸੀ। ਸਿੱਖ ਪੰਥ ਦੇ ਇਤਹਾਸ ਨਾਲ ਜੁੜੇ ਇਸ ਮਿਓਊਜ਼ੀਅਮ ਵਿੱਚ 20 ਮਾਰਚ 2019 ਨੂੰ 20569 ਦਰਸ਼ਕਾਂ ਦੀ ਰਿਕਾਰਡਤੋੜ ਆਮਦ ਹੋਈ ਸੀ।

‘ਵਿਰਾਸਤ-ਏ-ਖਾਲਸਾ' ਵਿਖੇ ਆਯੋਜਿਤ ਕੀਤੇ ਗਏ ਸਨਮਾਨ ਸਮਾਗਮ ਦੌਰਾਨ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਹ ਲਗਾਤਾਰ ਚੌਥਾ ਸਨਮਾਨ ਹੈ, ਜੋ ‘ਵਿਰਾਸਤ-ਏ-ਖਾਲਸਾ' ਵਿਖੇ ਇਸ ਸਾਲ ਦਰਸ਼ਕਾਂ ਦੀ ਰਿਕਾਰਡਤੋੜ ਆਮਦ ਲਈ ਮਿਲਿਆ ਹੈ। ‘ਵਿਰਾਸਤ-ਏ-ਖਾਲਸਾ' ਨੂੰ ਇਸ ਸਾਲ ‘ਲਿਮਕਾ ਬੁੱਕ ਆਫ ਰਿਕਾਰਡਜ਼', ‘ਇੰਡੀਆ ਬੁੱਕ ਆਫ ਰਿਕਾਰਡਜ਼', ‘ਏਸ਼ੀਆ ਬੁੱਕ ਆਫ ਰਿਕਾਰਡਜ਼' ਵਿੱਚ ਸੂਚੀਬੱਧ ਕੀਤਾ ਗਿਆ ਤੇ ਵਿਸ਼ਵ ਪੱਧਰੀ ਵੈਬਸਾਈਟ ਤੋਂ ‘ਸਰਟੀਫਿਕੇਟ ਆਫ ਐਕਸੀਲੈਂਸ' ਦਾ ਪੁਰਸਕਰਾ ਵੀ ਦਿੱਤਾ ਗਿਆ ਹੈ।

## ਹਲਕਾ ਸ਼ੁਤਰਾਣਾ ਦੇ ਕਾਂਗਰਸੀ ਵਿਧਾਇਕ ਦਾ ਮੁੱਖ ਮੰਤਰੀ ਦੇ ਘਰ ਮੂਹਰੇ ਧਰਨਾ ਦੇਣ ਦਾ ਐਲਾਨ

ਪਟਿਆਲਾ, 26 ਨਵੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜ਼ਿਲ੍ਹਾ ਪਟਿਆਲਾ ਦੀ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਵਿੱਚੋਂ ਉੱਠਿਆ ਸਿਆਸੀ ਤੂਫਾਨ ਰੁਕਣ ਦਾ ਨਾਂ ਨਹੀਂ ਲੈ ਰਿਹਾ। ਪਟਿਆਲਾ ਦੀ ਪਾਰਲੀਮੈਂਟ ਮੈਂਬਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੇ ਜ਼ਿਲ੍ਹਾ ਪਟਿਆਲਾ ਦੇ ਤਿੰਨ ਕਾਂਗਰਸੀ ਵਿਧਾਇਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਹੈ ਪਰ ਇਸ ਦੌਰਾਨ ਚੌਥੇ ਹਲਕੇ ਸ਼ੁਤਰਾਣਾ ਦੇ ਵਿਧਾਇਕ ਨਿਰਮਲ ਸਿੰਘ ਸ਼ੁਤਰਾਣਾ ਨੇ ਵੀ ਆਪਣੇ ਸੁਰ ਹੋਣ ਤਿੱਖੇ ਕਰ ਲਏ ਹਨ।

ਕੱਲ੍ਹ ਇਥੇ ਗੱਲਬਾਤ ਕਰਦਿਆਂ ਵਿਧਾਇਕ ਨਿਰਮਲ ਸਿੰਘ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਹਲਕਾ ਸ਼ੁਤਰਾਣਾ ਦਾਕੋਈ ਵੀ ਵਿਕਾਸ ਕਾਰਜ ਨਹੀਂ ਹੋ ਰਿਹਾ, ਇਸ ਹਲਕੇ ਨਾਲ ਮਤਰੇਆ ਵਿਹਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਐਲਾਨ ਕੀਤਾ ਕਿ ਜੇ ਸ਼ੁਤਰਾਣਾ ਹਲਕੇ ਦਾ ਵਿਕਾਸ ਸ਼ੁਰੂ ਨਾ ਹੋਇਆ ਤਾਂ ਉਹ ਆਪਣੀ ਸਰਕਾਰ ਖਿਲਾਫ ਮੋਰਚਾ ਖੋਲ੍ਹਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਵਾਸ ਸਾਹਮਣੇ ਅਣਮਿਥੇ ਸਮੇਂ ਦੇ ਧਰਨੇ ਉੱਤੇ ਬੈਠਣਗੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਬਣਨ ਤੋਂ ਬਾਅਦ ਹਲਕਾ ਸ਼ੁਤਰਾਣਾ ਵਿਖੇ ਪਾਤੜਾਂ ਦੀ ਦਾਣਾ ਮੰਡੀ ਬਣਾਉਣ, ਜੁਡੀਸ਼ਲ ਕੋਰਟ ਬਣਾਉਣ, ਪੋਲੀਟੈਕਨੀਕਲ ਕਾਲਜ ਨਨਹੇੜਾ ਵਿਖੇ ਬਣਾਉਣ, ਪਿੰਡ ਕਕਰਾਲਾ ਨੂੰ ਬਲਾਕ ਬਣਾਉਣ, ਪਾਤੜਾਂ ਸ਼ਹਿਰ ਲਈ ਇੱਕ ਪਾਰਕ ਅਤੇ ਪਾਤੜਾਂ ਵਿਖੇ ਟਰੋਮਾ ਸੈਂਟਰ ਬਣਾਉਣ ਦੀਆਂ ਮੰਗਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ, ਜਿਨ੍ਹਾਂ ਦੇ ਬਾਰੇ ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਤੇ ਮੈਂਬਰ ਪਾਰਲੀਮੈਂਟ ਪ੍ਰਨੀਤ ਕੌਰ ਪਾਤੜਾਂ ਵਿਖੇ ਦੋ ਵਾਰ ਐਲਾਨ ਕਰ ਚੁੱਕੇ ਹਨ, ਉਨ੍ਹਾਂ ਵਿੱਚੋਂ ਕੋਈ ਵਾਅਦਾ ਤਿੰਨ ਸਾਲ ਬੀਤਣ ਦੇ ਬਾਵਜੂਦ ਪੂਰਾ ਨਹੀਂ ਕੀਤਾ ਗਿਆ। ਇਸ ਸਬੰਧੀ ਹਲਕਾ ਸ਼ੁਤਰਾਣਾ ਦੀ ਜਨਤਾ ਮੈਨੂੰ ਸਵਾਲ-ਜਵਾਬ ਕਰ ਰਹੀ ਹੈ।

ਨਿਰਮਲ ਸਿੰਘ ਸ਼ਤਰਾਣਾ ਨੇ ਹਲਕੇ ਦੇ ਕੁਝ ਅਫਸਰਾਂ ਖਿਲਾਫ ਵੀ ਕਿਹਾ ਕਿ ਜਿਹੜੇ ਅਧਿਕਾਰੀ ਇਸ ਹਲਕੇ ਵਿੱਚ ਪੰਜਾਬ ਸਰਕਾਰ ਨੇ ਲਾਏ ਹਨ, ਉਹ ਬਿਲਕੁਲ ਮੇਰੇ ਕਹਿਣ ਅਨੁਸਾਰ ਕੰਮ ਨਹੀਂ ਕਰਦੇ। ਕੁਝ ਅਧਿਕਾਰੀਆਂ ਉਤੇ ਰਿਸ਼ਵਤ ਦੇ ਦੋਸ਼ ਲਾਉਂਦਿਆਂ ਵਿਧਾਇਕ ਨੇ ਕਿਹਾ ਕਿ ਜਿਹੜੇ ਅਧਿਕਾਰੀ ਮੁੱਖ ਮੰਤਰੀ ਦਫਤਰ ਦੇ ਸੰਪਰਕ ਨਾਲ ਇੱਥੇ ਲੱਗੇ ਹਨ, ਉਹ ਸਾਡੇ ਫੋਨ ਕਰਨ ਦੀ ਵੀ ਪ੍ਰਵਾਹ ਨਾ ਕਰ ਕੇ ਹਲਕੇ ਦੇ ਲੋਕਾਂ ਕੋਲੋਂ ਵੱਡੇ ਪੱਧਰ 'ਤੇ ਰਿਸ਼ਵਤ ਲੈ ਕੇ ਕੰਮ ਕਰ ਰਹੇ ਹਨ। ਉਨ੍ਹਾਂ ਐਲਾਨ ਕੀਤਾ ਕਿ ਜੇ ਪੰਜਾਬ ਸਰਕਾਰ ਨੇ ਹਲਕਾ ਸ਼ੁਤਰਾਣਾ ਦੀਆਂ ਮੁੱਖ ਮੰਗਾਂ ਵਾਲੇ ਵਿਕਾਸ ਕਾਰਜ ਜਲਦ ਸ਼ੁਰੂ ਨਾ ਕੀਤੇ ਤਾਂ 1 ਜਨਵਰੀ ਤੋਂ ਅਣਮਿਥੇ ਸਮੇਂ ਲਈ ਪਟਿਆਲਾ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਲਾ ਦਿੱਤਾ ਜਾਵੇਗਾ। ਇਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਏਗੀ।

## ਮਾਫੀਆ ਤੇ ਭ੍ਰਿਸ਼ਟਾਚਾਰ ਨਾਲ ਪੰਜਾਬ ਨੂੰ ਸਲਾਨਾ 25000 ਕਰੋੜ ਦਾ ਚੂਨਾ ਲੱਗ ਰਿਹੈ: ਅਮਨ ਅਰੋੜਾ

ਚੰਡੀਗੜ੍ਹ, 26 ਨਵੰਬਰ (ਪੋਸਟ ਬਿਊਰੋ)- ਸੁਨਾਮ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪੰਜਾਬ ਦੀ ਆਰਥਿਕ ਹਾਲਾਤ ਬਾਰੇਚਿੱਠੀ ਲਿਖ ਕੇ ਕਿਹਾ ਹੈ ਕਿ ਕੇਂਦਰ ਵੱਲੋਂ ਸਿਰਫ 4100 ਕਰੋੜ ਰੁਪਏ ਮਿਲਣ 'ਚ ਰਹੀ ਦੇਰੀ ਕਾਰਨ ਪੰਜਾਬ ਸਰਕਾਰ ਦਾ ਖਜ਼ਾਨਾ ਗੋਡਿਆਂ ਭਾਰ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਨੇ 13000 ਕਰੋੜ ਰੁਪਏ ਸਾਲਾਨਾ ਕਰਜ਼ਾ ਵਾਧੇ ਦੇ ਹਿਸਾਬ ਨਾਲ ਪੰਜਾਬ ਦਾ ਕਰਜ਼ਾ 51000 ਕਰੋੜ ਤੋਂ ਵਧਾ ਕੇ 182000 ਕਰੋੜ ਕਰ ਦਿੱਤਾ ਤੇ ਪੰਜਾਬ ਸਰਕਾਰ ਦੇ ਆਰਥਿਕ ਸਰਵੇ ਅਨੁਸਾਰ ਇਹ ਕਰਜ਼ਾ ਇਸ ਸਰਕਾਰ ਦੇ ਤਿੰਨ ਸਾਲਾਂ 'ਚ 16000 ਕਰੋੜ ਪ੍ਰਤੀ ਸਾਲ ਦੇ ਵਾਧੇ ਨਾਲ 2,30,000 ਕਰੋੜ ਹੋ ਜਾਵੇਗਾ। ਅਮਨ ਅਰੋੜਾ ਨੇ ਕਿਹਾ ਕਿ ਅਜਿਹੀ ਸਥਿਤੀ 'ਚ ਜੇਕਰ ਪੰਜਾਬ ਸਰਕਾਰ ਮਾਈਨਿੰਗ, ਸ਼ਰਾਬ, ਟਰਾਸਪੋਰਟ ਅਤੇ ਪਾਵਰ ਵਰਗੇ ਕੁਝ ਮਹਿਕਮਿਆਂ ਵਿੱਚੋਂ ਮਾਫੀਆ ਖਤਮ ਕਰਨ ਅਤੇ ਰੋਜ਼ ਦੇ ਸਰਕਾਰੀ ਕੰਮਾਂ ਵਿੱਚ ਹੁੰਦੇ ਭ੍ਰਿਸ਼ਟਾਚਾਰ ਨੂੰ ਨਕੇਲ ਪਾ ਲਵੇ ਤਾਂ 25000 ਕਰੋੜ ਰੁਪਏ ਸਾਲਾਨਾ ਸਰਕਾਰੀ ਖਜ਼ਾਨੇ ਹੋਰ ਆ ਸਕਦੇ ਹਨ, ਜਿਹੜੇ ਭ੍ਰਿਸ਼ਟ ਸਿਸਟਮ, ਰਾਜਨੇਤਾ-ਅਧਿਕਾਰੀਆਂ-ਮਾਫੀਆ ਦੀਆਂ ਜੇਬਾਂ ਵਿੱਚ ਚਲੇ ਜਾਂਦੇ ਹਨ। ਇਸ ਤਰ੍ਹਾਂ 16000 ਕਰੋੜ ਰੁਪਏ ਸਾਲਾਨਾ ਘਾਟੇ ਨੂੰ ਨਕੇਲ ਪਾਈ ਜਾ ਸਕਦੀ ਹੈ। ਉਨ੍ਹਾਂ ਵਿੱਤ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਮੁੱਖ ਮੰਤਰੀ ਅਤੇ ਆਪਣੇ ਕੈਬਨਿਟ ਸਹਿਯੋਗੀਆਂ ਨੂੰ ਇਸ ਵਾਸਤੇ ਸਖਤ ਕਦਮ ਚੁੱਕਣ ਲਈ ਤਿਆਰ ਕਰਨ। ਉਨ੍ਹਾਂ ਕਿਹਾ ਕਿ ਦੋ ਸਾਲ ਬਾਅਦ ਜਦੋਂ ਜੀ ਐਸ ਟੀ ਦੇ ਪੰਜ ਸਾਲ ਪੂਰੇ ਹੋ ਜਾਣਗੇ ਅਤੇ ਜੀ ਐਸ ਟੀ ਦਾ ਮੁਆਵਜ਼ਾ ਕੇਂਦਰ ਸਰਕਾਰ ਤੋਂ ਮਿਲਣਾ ਬੰਦ ਹੋ ਜਾਵੇਗਾ, ਉਸ ਸਮੇਂ ਪੰਜਾਬ ਦੀ ਸਥਿਤੀ ਕੀ ਹੋਵੇਗੀ।

## ਤਸ਼ੱਦਦ ਕਾਰਨ ਮਾਰੇ ਗਏ ਦਲਿਤ ਦੇ ਕਤਲ ਕੇਸ ਵਿੱਚ ਚਲਾਨ ਪੇਸ਼

ਲਹਿਰਾਗਾਗਾ, 26 ਨਵੰਬਰ (ਪੋਸਟ ਬਿਊਰੋ)- ਪਿੰਡ ਚੰਗਾਲੀਵਾਲਾ ਵਿਖੇ ਤਸ਼ੱਦਦ ਦਾ ਸ਼ਿਕਾਰ ਹੋਏ ਜਗਮੇਲ ਸਿੰਘ ਦੇ ਕੇਸ ਦਾ ਚਲਾਨ ਕੱਲ੍ਹ ਮੂਣਕ ਦੀ ਅਦਾਲਤ 'ਚ ਪੇਸ਼ ਕਰ ਦਿੱਤਾ ਗਿਆ ਹੈ। ਇਹ ਚਲਾਣ ਏਥੇ ਜੱਜ ਗੁਰਮਹਤਾਬ ਸਿੰਘ ਦੀ ਅਦਾਲਤ ਵਿੱਚ ਡੀ ਐਸ ਪੀ ਲਹਿਰਾ ਬੂਟਾ ਸਿੰਘ ਗਿੱਲ ਵੱਲੋਂ ਪੇਸ਼ ਕੀਤਾ ਗਿਆ।

ਵਰਨਣ ਯੋਗ ਹੈ ਕਿ ਪਿੰਡ ਚੰਗਾਲੀਵਾਲਾ ਦੇ ਦਲਿਤ ਨੌਜਵਾਨ ਜਗਮੇਲ ਸਿੰਘ ਦੀ ਪੈਸਿਆਂ ਦੇ ਲੈਣ-ਦੇਣ ਵਾਲੇ ਝਗੜੇ 'ਚ ਅਣਮਨੁੱਖੀ ਤਰੀਕੇ ਨਾਲ ਮਾਰਕੁੱਟ ਕੀਤੀ ਗਈ ਸੀ, ਜਿਸ ਕਰਕੇ ਉਸ ਨੂੰ ਪਹਿਲਾਂ ਸੰਗਰੂਰ, ਫਿਰ ਪਟਿਆਲੇ ਅਤੇ ਫਿਰ ਪੀ ਜੀ ਆਈ ਚੰਡੀਗੜ੍ਹ ਦਾਖਲ ਕਰਵਾਇਆ ਗਿਆ। ਇਸ ਦੌਰਾਨ ਇਨਫੈਕਸ਼ਨ ਵਧਣ ਕਰਨ ਉਸ ਦੀਆਂ ਦੋਵੇਂ ਲੱਤਾਂ ਕੱਟਣੀਆਂ ਪਈਆਂ ਸਨ ਅਤੇ ਇਲਾਜ ਦੌਰਾਨ ਜਗਮੇਲ ਦੀ ਮੌਤ ਹੋ ਗਈ ਸੀ। ਵੱਖ-ਵੱਖ ਜਥੇਬੰਦੀਆਂ ਵੱਲੋਂ ਸੁਨਾਮ-ਲਹਿਰਾ ਮੁੱਖ ਮਾਰਗ ਰੋਕਣ ਤੋਂ ਇਲਾਵਾ ਵੱਖੋ-ਵੱਖ ਤਰੀਕਿਆਂ ਰਾਹੀਂ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਪਰਵਾਰ ਲਈ ਮੰਗਾਂ ਰੱਖੀਆਂ ਗਈਆਂ ਸਨ। ਸਰਕਾਰ ਨੇ ਮੰਗਾਂ ਮੰਨ ਕੇ ਪਰਵਾਰ ਨੂੰ ਵੀਹ ਲੱਖ ਰੁਪਏ ਦੀ ਸਹਾਇਤਾ, ਮ੍ਰਿਤਕ ਦੀ ਪਤਨੀ ਨੂੰ ਸਰਕਾਰੀ ਨੌਕਰੀ, ਬੱਚਿਆਂ ਨੂੰ ਗੈਜੂਏਸ਼ਨ ਤੱਕ ਮੁਫਤ ਪੜ੍ਹਾਈ, ਪੈਨਸ਼ਨ ਤੋਂ ਬਿਨਾ ਹੋਰ ਸਹੂਲਤਾਂ ਦੇਣ ਦਾ ਲਿਖਤੀ ਸਮਝੌਤਾ ਕੀਤਾ ਸੀ।

## ਨਾਮੀ ਬਦਮਾਸ਼ ਅਬਦੂੱਲ ਰਸ਼ੀਦ ਘੁੱਦੂ ਦਾ ਗੋਲੀਆਂ ਮਾਰ ਕੇ ਕਤਲ

*** ਭਰਾ ਦੇ ਵਿਆਹ ਦੌਰਾਨ ਪੈਲੇਸ 'ਚ ਮਾਰਿਆ ਗਿਆ ਘੁੱਦੂ**

ਮਲੇਰਕੋਟਲਾ, 26 ਨਵੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਕਰੀਬ ਸਾਢੇ ਅੱਠ ਵਜੇ ਸਥਾਨਕ ਜਗਰ ਚੌਕ ਨੇੜਲੇ ਰਾਣੀ ਪੈਲੇਸ ਵਿਖੇ ਆਪਣੇ ਭਰਾ ਦੇ ਵਿਆਹ ਦੀ ਪਾਰਟੀ ਦੇ ਜਸ਼ਨ ਮਨਾ ਰਹੇ ਨਾਮੀ ਬਦਮਾਸ਼ ਅਬਦੁੱਲ ਰਸ਼ੀਦ ਘੁੱਦੂ (29) ਦੀ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਸ ਹਮਲੇ ਵਿੱਚ




ਪੈਲੇਸ ਵਿੱਚ ਬਿਜਲੀ ਦਾ ਕੰਮ ਕਰ ਰਿਹਾ ਇੱਕ ਵਿਅਕਤੀ ਅਰੁਨ ਚੌਹਾਨ ਵੀ ਜਖ਼ਮੀ ਹੋ ਗਿਆ।

ਮਿਲੀ ਜਾਣਕਾਰੀ ਮੁਤਾਬਕ ਘੁੱਦੂ ਉਪਰ 15 ਕੇਸ ਦਰਜ ਸਨ ਅਤੇ ਉਹ ਇੱਕ ਕੇਸ ਵਿੱਚੋਂ ਜ਼ਮਾਨਤ 'ਤੇ ਆਇਆ ਹੋਇਆ ਸੀ। ਪੈਲੇਸ ਅੰਦਰ ਆਪਣੇ ਦੋਸਤਾਂ ਨਾਲ ਆਰਕੈਸਟਰਾ ਦਾ ਅਨੰਦ ਮਾਣਦੇ ਘੁੱਦੂ ਨੂੰ ਕਿਸੇ ਨੇ ਫੋਨ ਕਰਕੇ ਪੈਲੇਸ ਦੇ ਬਾਹਰ ਬੁਲਾਇਆ, ਜਿਉਂ ਹੀ ਉਹ ਪੈਲੇਸ ਦੇ ਦਫਤਰ ਕੋਲ ਆਇਆ ਤਾਂ ਅਣਪਛਾਤੇ ਹਮਲਾਵਰਾਂ ਨੇ ਉਸ ਉੱਤੇ ਗੋਲੀ ਚਲਾ ਦਿੱਤੀ, ਜਿਸ ਨਾਲ ਉਹ ਦਮ ਤੋੜ ਗਿਆ। ਹਮਲਾਵਰ ਜਾਂਦੇ ਹੋਏ ਪੈਲੇਸ 'ਚ ਬਿਜਲੀ ਦਾ ਕੰਮ ਦੇਖਦੇ ਅਰੁਣ ਚੌਹਾਨ ਪੁੱਤਰ ਕ੍ਰਿਸ਼ਨ ਕੁਮਾਰ ਦੇ ਪੈਰ ਵਿੱਚ ਵੀ ਗੋਲੀ ਮਾਰ ਗਏ। ਮੌਕੇ 'ਤੇ ਹਾਜ਼ਰ ਲੋਕਾਂ ਮੁਤਾਬਕ 3-4 ਹਮਲਾਵਰਾਂ ਨੇ ਕਰੀਬ 5-6 ਗੋਲੀਆਂ ਚਲਾਈਆਂ ਅਤੇ ਫਰਾਰ ਹੋ ਗਏ।



# ਰਾਮ ਮੰਦਰ ਅਤੇ ਧਾਰਾ 370 ਵਰਗੇ ਮੁੱਦੇ ਕਾਂਗਰਸ ਨੇ ਲਟਕਾਈ ਰੱਖੇ ਸਨ: ਮੋਦੀ

ਡਾਲਟਨਗੰਜ, 26 ਨਵੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਕਾਂਗਰਸ ਦੀਆਂ ਸਾਬਕਾ ਸਰਕਾਰਾਂ ਨੇ ਧਾਰਾ-370 ਅਤੇ ਰਾਮ ਮੰਦਰ ਵਰਗੇ ਮੁੱਦੇ ਕਈ ਦਹਾਕਿਆਂ ਤੱਕ ਲਟਕਦੇ ਰੱਖੇ, ਜਿਸ ਨਾਲ ਸਮਾਜ ਵਿੱਚ ਤਰੇੜਾਂ ਪਈਆਂ,ਪਰ ਮੇਰੀ ਸਰਕਾਰ ਨੇ ਆਪਣੇ ਸੰਕਲਪ ਮੁਤਾਬਕ ਨਾ ਸਿਰਫ ਜੰਮੂ-ਕਸ਼ਮੀਰ ਤੋਂ ਧਾਰਾ-370 ਹਟਾ ਕੇ ਉਥੇ ਵਿਕਾਸ ਦਾ ਰਾਹ ਪੱਧਰਾ ਕੀਤਾ ਹੈ, ਰਾਮ ਮੰਦਰ ਬਣਾਉਣ ਲਈ ਵੀ ਦਰਵਾਜ਼ੇ ਖੋਲ੍ਹ ਦਿੱਤੇ ਹਨ।




ਝਾਰਖੰਡ ਵਿੱਚ ਪੰਜ ਪੜਾਵਾਂ ਵਿੱਚ ਹੋਣ ਵਾਲੀ ਪੋਲਿੰਗ ਵਿੱਚ ਭਾਜਪਾ ਦਾ ਪ੍ਰਚਾਰ ਸ਼ੁਰੂ ਕਰਦਿਆਂ ਪ੍ਰਧਾਨ ਮੰਤਰੀ ਨੇ ਕੱਲ੍ਹ ਕਿਹਾ ਕਿ ਕਾਂਗਰਸ ਅਤੇ ਉਸ ਦੇ ਸਹਿਯੋਗੀ ਵੱਖ-ਵੱਖ ਸਮੱਸਿਆਵਾਂ ਨੂੰ ਟਾਲਣ ਵਿੱਚ ਭਰੋਸਾ ਰੱਖਦੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਧਾਰਾ-370 ਹੈ। ਕਾਂਗਰਸ ਚਾਹੁੰਦੀ ਤਾਂ ਇਹ ਮੁੱਦਾ ਕਈ ਦਹਾਕੇ ਪਹਿਲਾਂ ਹੱਲ ਹੋ ਜਾਂਦਾ। ਕਾਂਗਰਸ ਨੇ 70 ਸਾਲ ਤੱਕ ਇਸ ਨੂੰ ਲਟਕਾਅ ਕੇ ਰੱਖਿਆ। ਜੰਮੂ-ਕਸ਼ਮੀਰ ਵਿੱਚ ਝਾਰਖੰਡ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਜਵਾਨ ਸੁਰੱਖਿਆ ਲਈ ਲੱਗੇ ਹਨ। ਉਹ ਸ਼ਹਾਦਤਾਂ ਦਿੰਦੇ ਹਨ। ਧਾਰਾ-370 ਕਾਰਨ ਹੀ ਵਧੇਰੇ ਸ਼ਹਾਦਤਾਂ ਹੋਈਆਂ। ਇਸ ਲਈ ਕਾਂਗਰਸ ਅਤੇ ਸਹਿਯੋਗੀ ਪਾਰਟੀਆਂ ਹੀ ਜ਼ਿੰਮੇਵਾਰ ਹਨ। ਮੋਦੀ ਨੇ ਕਿਹਾ ਕਿ ਝਾਰਖੰਡ ਦੀਆਂ ਚੋਣਾਂ ਸੂਬੇ ਨੂੰ ਲੁੱਟਣ ਤੇ ਉਸ ਦੀ ਸੇਵਾ ਕਰਨ ਵਾਲਿਆਂ ਵਿੱਚੋਂ ਇੱਕ ਨੂੰ ਚੁਣਨ ਲਈ ਹੋਣੀਆਂ ਹਨ। ਇੱਥੇ ਬਹੁਤ ਵਾਰ ਪਿਛਲੇ ਦਰਵਾਜ਼ੇ ਰਾਹੀਂ ਸਰਕਾਰਾਂ ਬਣਾਉਣ ਤੇ ਤੋੜਨ ਦੀ ਖੇਡ ਚੱਲਦੀ ਰਹੀ ਹੈ। ਭਾਜਪਾ ਦੀ ਸਰਕਾਰ ਪਿਛਲੇ ਪੰਜ ਸਾਲ ਤੋਂ ਟਿਕ ਕੇ ਚੱਲ ਰਹੀ ਹੈ। ਪਾਰਟੀ ਨੇ ਸੂਬੇ ਦੇ ਲੋਕਾਂ ਨਾਲ ਕੀਤੇ ਸਭ ਵਾਅਦੇ ਪੂਰੇ ਕੀਤੇ ਹਨ।

### ਸੁਪਰੀਮ ਕੋਰਟ ਨੇ ਕਿਹਾ:

# ਚੋਣ ਕਮਿਸ਼ਨ ਅਪਰਾਧੀ ਪਿਛੋਕੜ ਵਾਲਿਆਂ ਨੂੰ ਚੋਣ ਲੜਨ ਤੋਂ ਰੋਕਣ ਦਾ ਫੈਸਲਾ ਕਰੇ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਕਹਿ ਦਿੱਤਾ ਹੈ ਕਿ ਉਹ ਅਪਰਾਧਕ ਰੀਕਾਰਡ ਵਾਲੇ ਵਿਅਕਤੀਆਂ ਨੂੰ ਟਿਕਟਾਂ ਦੇਣ ਤੋਂ ਰਾਜਸੀ ਪਾਰਟੀਆਂ ਨੂੰ ਰੋਕਣ ਬਾਰੇ ਦਾਖਲ ਪਟੀਸ਼ਨ ਉੱਤੇ ਹੁਕਮ ਪਾਸ ਕਰੇ ਤਾਂ ਕਿ ਰਾਜਨੀਤੀ ਵਿੱਚ ਅਪਰਾਧੀਆਂ ਦਾ ਦਾਖਲਾ ਸੁਖਾਲਾ ਨਾ ਰਹਿ ਜਾਵੇ।

ਚੀਫ ਜਸਟਿਸ ਐਸ ਏ ਬੋਬੜੇ ਅਤੇ ਜਸਟਿਸ ਬੀ ਆਰ ਗਵਈ ਦੇ ਬੈਂਚ ਨੇ ਭਾਜਪਾ ਆਗੂ ਅਤੇ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਦੀ ਜਨਹਿੱਤ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਕੇ ਇਹ ਹੁਕਮ ਦਿੱਤਾ। ਪਟੀਸ਼ਨਰ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਇਹ ਵਿਵਸਥਾ ਬਣਾਏ ਜਿਸ ਨਾਲ ਰਾਜਨੀਤਕ ਪਾਰਟੀਆਂ ਨੂੰ ਅਪਰਾਧਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਚੋਣਾਂ ਵਿੱਚ



ਆਪਣਾ ਉਮੀਦਵਾਰ ਬਣਾਏ ਜਾਣੋਂ ਰੋਕਿਆ ਜਾ ਸਕੇ। ਬੈਂਚ ਨੇ ਆਪਣੇ ਹੁਕਮ ਵਿੱਚ ਕਿਹਾ, 'ਅਸੀਂ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੰਦੇ ਹਾਂ ਕਿ ਪਟੀਸ਼ਨਰ ਦੀ 22 ਜਨਵਰੀ 2019 ਵਾਲੀ ਪਟੀਸ਼ਨ ਸਬੰਧੀ ਤਿੰਨ ਮਹੀਨਿਆਂ ਅੰਦਰ ਵਿਚਾਰ ਕਰੇ ਅਤੇ ਇਸ ਸਬੰਧ ਵਿੱਚ ਵਿਸਥਾਰਤ ਹੁਕਮ ਪਾਸ ਕਰੇ।

ਸੁਪਰੀਮ ਕੋਰਟ ਨੇ ਇਸ ਤਰ੍ਹਾਂ ਦੀ ਪਟੀਸ਼ਨ ਦਾ 21 ਜਨਵਰੀ ਨੂੰ ਨਿਪਟਾਰਾ ਕਰ ਕੇ ਪਟੀਸ਼ਨਰ ਨੂੰ ਚੋਣ ਕਮਿਸ਼ਨ ਕੋਲ ਅਰਜ਼ੀ ਦੇਣ ਲਈ ਕਿਹਾ ਸੀ। ਅਦਾਲਤ ਨੇ ਕਮਿਸ਼ਨ ਨੂੰ ਕਿਹਾ ਸੀ ਕਿ ਇਸ ਦਿਸ਼ਾ ਵਿੱਚ ਯੋਗ ਕਦਮ ਚੁੱਕਣ ਲਈ ਪਟੀਸ਼ਨ ਨੂੰ ਹੀ ਅਰਜ਼ੀ ਮੰਨਿਆ ਜਾਵੇ। ਉਪਾਧਿਆਏ ਦਾ ਦੋਸ਼ ਸੀ ਕਿ ਚੋਣ ਕਮਿਸ਼ਨ ਨੇ ਕੋਈ ਕਾਰਵਾਈ ਨਹੀਂ ਕੀਤੀ ਤੇ ਇਸ ਕਾਰਨ ਉਸ ਨੂੰ ਨਵੀਂ ਪਟੀਸ਼ਨ ਦਾਖਲ ਕਰਨੀ ਪਈ ਹੈ। ਉਪਾਧਿਆਏ ਨੇ ਚੋਣ ਕਮਿਸ਼ਨ ਨੂੰ ਇਹ ਹੁਕਮ ਦੇਣ ਦੀ ਵੀ ਬੇਨਤੀ ਕੀਤੀ ਕਿ ਉਹ ਰਾਜਸੀ ਪਾਰਟੀਆਂ ਨੂੰ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਉਮੀਦਵਾਰ ਬਣਾਉਣ ਤੋਂ ਰੋਕੇ। ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਭਾਰਤ ਵਿੱਚ ਰਾਜਨੀਤੀ ਦੇ ਅਪਰਾਧੀਕਰਨ ਵਿੱਚ ਵਾਧਾ ਹੋਇਆ ਹੈ ਅਤੇ 24 ਫੀਸਦੀ ਪਾਰਲੀਮੈਂਟ ਮੈਂਬਰਾਂ ਵਿਰੁੱਧ ਅਪਰਾਧਕ ਮਾਮਲੇ ਲਟਕ ਰਹੇ ਹਨ।

# ਭਾਰਤ ਵਿੱਚ ਔਰਤਾਂ ਨੂੰ ਵੀ ਸਹਾਇਕ ਹੱਜ ਅਧਿਕਾਰੀ ਬਣਾਇਆ ਜਾਵੇਗਾ: ਕੇਂਦਰ ਸਰਕਾਰ

ਲਖਨਊ, 26 ਨਵੰਬਰ (ਪੋਸਟ ਬਿਊਰੋ)- ਮਹਿਲਾ ਹੱਜ ਸੇਵਕਾਂ ਤੋਂ ਬਾਅਦ ਕੇਂਦਰ ਸਰਕਾਰ ਨੇ ਹੱਜ ਯਾਤਰਾ 2020 ਦੀ ਕਮਾਂਡ ਪਹਿਲੀ ਵਾਰ ਮਹਿਲਾਵਾਂ ਨੂੰ ਸੌਂਪਣ ਦਾ ਫ਼ੈਸਲਾ ਕੀਤਾ ਹੈ। ਹੱਜ ਸੇਵਕਾਂ ਰਾਹੀਂ ਆਜ਼ਮੀਨਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਮਹਿਲਾਵਾਂ ਨੂੰ ਸਹਾਇਕ ਹੱਜ ਅਧਿਕਾਰੀ ਬਣਾ ਕੇ ਸਾਊਦੀ ਅਰਬ ਭੇਜਿਆ ਜਾਵੇਗਾ। ਇਨ੍ਹਾਂ ਮਹਿਲਾਵਾਂ ਦੇ ਮੋਢੇ ਉੱਤੇ ਮੁਕੱਦਸ ਸਫਰ ਨੂੰ ਸਹੀ ਸਲਾਮਤ ਪੂਰਾ ਕਰਵਾਉਣ ਦੀ ਜ਼ਿੰਮੇਵਾਰੀ ਹੋਵੇਗੀ।

ਮਹਿਰਮ ਦੇ ਬਗ਼ੈਰ ਔਰਤਾਂ ਦੇ ਗਰੁੱਪ ਨੂੰ ਹੱਜ ਯਾਤਰਾ ਉੱਤੇ ਭੇਜਣ ਦੇ ਨਾਲ ਹੀ ਕੇਂਦਰ ਸਰਕਾਰ ਨੇ ਮਹਿਲਾ ਹੱਜ ਸੇਵਕਾਂ ਨੂੰ ਭੇਜਣ ਦਾ ਫ਼ੈਸਲਾ ਕੀਤਾ ਹੈ। ਇਸ ਦੇ ਬਾਅਦ ਹੱਜ ਯਾਤਰਾ 2020 ਵਿੱਚ ਆਜ਼ਮੀਨਾਂ ਨੂੰ ਪਿਛਲੇ ਸਾਲ ਤੋਂ ਹੋਰ ਬਿਹਤਰ ਸਹੂਲਤਾਂ ਦੇਣ ਲਈ ਪੁਲਿਸ, ਪੈਰਾ ਮਿਲਟਰੀ ਤੇ ਡਿਫੈਂਸ ਫੋਰਸ ਦੀਆਂ ਮਹਿਲਾਵਾਂ ਨੂੰ ਆਰਜ਼ੀ ਤਾਇਨਾਤੀ ਉੱਤੇ ਦੋ ਤੋਂ ਤਿੰਨ ਮਹੀਨੇ ਲਈ ਸਾਊਦੀ ਅਰਬ ਭੇਜਿਆ ਜਾਵੇਗਾ। ਇਹ ਔਰਤਾਂ ਜੂਨ ਤੋਂ ਅਗਸਤ 2020 ਤਕ ਸਾਊਦੀ ਅਰਬ ਵਿੱਚ ਰਹਿ ਕੇ ਹੱਜ ਆਜ਼ਮੀਨਾਂ ਦੀਆਂ ਲੋੜਾਂ ਦਾ ਧਿਆਨ ਰੱਖਣਗੀਆਂ। ਹੱਜ ਸੇਵਕਾਂ ਦੀ ਮਦਦ ਨਾਲ ਆਜ਼ਮੀਨਾਂ ਦੇ ਰਹਿਣ ਤੋਂ ਲੈ ਕੇ ਕੁਰਬਾਨੀ ਸਮੇਤ ਸਾਰੇ ਅਰਕਾਨ ਪੂਰੇ ਕਰਨ ਵੇਲੇ ਆਉਂਦੀਆਂ ਸਮੱਸਿਆਵਾਂ ਹੱਲ ਕੀਤੀਆਂ ਜਾਣਗੀਆਂ।

ਘੱਟ ਗਿਣਤੀਆਂ ਦੇ ਮੰਤਰਾਲੇ ਵੱਲੋਂ ਦੱਸਿਆ ਗਿਆ ਹੈ ਕਿ ਔਰਤਾਂ ਨਾਲ ਮਰਦ ਵੀ ਅਰਜ਼ੀ ਦੇ ਸਕਦੇ ਹਨ। ਇਨ੍ਹਾਂ ਸਰਕਾਰੀ ਮੁਲਾਜ਼ਮਾਂ ਨੂੰ ਆਰਜ਼ੀ ਕੋਆਰਡੀਨੇਟਰ (ਪ੍ਰਸ਼ਾਸਨ), ਸਹਾਇਕ ਹੱਜ ਅਧਿਕਾਰੀ ਤੇ ਹੱਜ ਸਹਾਇਕਾਂ ਨੂੰ ਸਾਊਦੀ ਅਰਬ ਦੇ ਕੌਂਸਲੇਟ ਜਨਰਲ ਆਫ ਜੇਦਾ ਵਿੱਚ ਤਾਇਨਾਤ ਕੀਤਾ ਜਾਵੇਗਾ। ਸਟੇਟ ਹੱਜ ਕਮੇਟੀ ਦੇ ਸਕੱਤਰ ਰਾਹੁਲ ਗੁਪਤਾ ਨੇ ਦੱਸਿਆ ਕਿ ਇੱਛੁਕ ਬਿਨੈਕਾਰ ਪੰਜ ਜਨਵਰੀ ਤਕ ਘੱਟ ਗਿਣਤੀਆਂ ਦੇ ਕਾਰਜ ਮੰਤਰਾਲੇ ਦੀ ਸਾਈਟ ਉੱਤੇ ਅਰਜ਼ੀ ਦੇ ਸਕਦੇ ਹਨ। ਹੱਜ ਕਮੇਟੀ ਦੇ ਸਹਾਇਕ ਸਕੱਤਰ ਜਾਵੇਦ ਖ਼ਾਨ ਦੇ ਮੁਤਾਬਕ 2019 ਵਿੱਚ ਦੇਸ਼ ਦੇ ਕੁਲ 450 ਸਹਾਇਕ ਹੱਜ ਅਧਿਕਾਰੀਆਂ ਨੂੰ ਸਾਊਦੀ ਅਰਬ ਭੇਜਿਆ ਗਿਆ ਸੀ। ਉਦੋਂ ਇਕ ਵੀ ਮਹਿਲਾ ਨਹੀਂ ਸੀ।

# ਨਹਿਰੂ ਹਾਕੀ ਦੇ ਫਾਈਨਲ 'ਚ ਖਿਡਾਰੀ ਮੈਦਾਨ ਵਿੱਚ ਭਿੜ ਪਏ

### * ਪੰਜਾਬ ਪੁਲਸ ਤੇ ਪੀ ਐਨ ਬੀ ਦੇ ਖਿਡਾਰੀਆਂ ਵਿਚਾਲੇ ਮਾਰਕੁੱਟ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਅਤੇ ਪੰਜਾਬ ਨੈਸ਼ਨਲ ਬੈਂਕ (ਪੀ ਐਨ ਬੀ) ਦੇ ਖਿਡਾਰੀਆਂ ਵਿਚਾਲੇ ਇੱਥੇ ਕੱਲ੍ਹ 56ਵੇਂ ਨਹਿਰੂ ਹਾਕੀ ਟੂਰਨਾਮੈਂਟ ਦੇ ਫਾਈਨਲ ਦੌਰਾਨ ਮੈਦਾਨ 'ਤੇ ਰੱਜ ਕੇ ਮਾਰਕੁੱਟ ਹੋਈ। ਰਾਸ਼ਟਰੀ ਫੈਡਰੇਸ਼ਨ ਹਾਕੀ ਇੰਡੀਆ ਨੇ ਇਸ ਬਾਰੇ ਟੂਰਨਾਮੈਂਟ ਪ੍ਰਬੰਧਕਾਂ ਨੂੰ ਸਾਰੀ ਰਿਪੋਰਟ ਦੇਣ ਨੂੰ ਕਿਹਾ ਹੈ।



ਝਗੜਾ ਉਸ ਵੇਲੇ ਸ਼ੁਰੂ ਹੋਇਆ ਜਦੋਂ ਦੋਵੇਂ ਟੀਮਾਂ ਤਿੰਨ-ਤਿੰਨ ਦੀ ਬਰਾਬਰੀ ਉੱਤੇ ਸਨ ਅਤੇ ਗੇਂਦ ਪੰਜਾਬ ਪੁਲਸ ਦੇ ਸਰਕਲ ਵਿੱਚ ਪੀ ਐਨ ਬੀ ਦੇ ਖਿਡਾਰੀਆਂ ਕੋਲ ਸੀ। ਇਸੇ ਦੌਰਾਨ ਦੋਵਾਂ ਟੀਮਾਂ ਦੇ ਖਿਡਾਰੀਆਂ ਨੇ ਮੈਦਾਨ ਵਿੱਚ ਹੀ ਇੱਕ-ਦੂਜੇ ਉੱਤੇ ਘਸੁੰਨ ਜੜੇ ਅਤੇ ਹਾਕੀ ਸਟਿਕਾਂ ਨਾਲ ਮਾਰਕੁਟ ਕੀਤੀ। ਇਸ ਤੋਂ ਬਾਅਦ ਟੂਰਨਾਮੈਂਟ ਦੇ ਅਧਿਕਾਰੀ ਬਚਾਅ ਕਰਨ ਲਈ ਆ ਗਏ। ਖੇਡ ਕੁਝ ਦੇਰ ਰੁਕੀ ਰਹੀ, ਜਿਸ ਤੋਂ ਬਾਅਦ ਦੋਵਾਂ ਟੀਮਾਂ ਦੇ ਅੱਠ-ਅੱਠ ਖਿਡਾਰੀਆਂ ਨਾਲ ਮੈਚ ਅੱਗੇ ਸ਼ੁਰੂ ਹੋਇਆ। ਦੋਵਾਂ ਟੀਮਾਂ ਦੇ ਤਿੰਨ-ਤਿੰਨ ਖਿਡਾਰੀਆਂ ਨੂੰ ਲਾਲ ਕਾਰਡ ਦਿਖਾਇਆ ਗਿਆ। ਇਸ ਤੋਂ ਇਲਾਵਾ ਪੰਜਾਬ ਪੁਲਸ ਦੇ ਮੈਨੇਜਰ ਨੂੰ ਵੀ ਆਪਣੇ ਖਿਡਾਰੀਆਂ ਨੂੰ ਉਕਸਾਉਣ ਲਈ ਲਾਲ ਕਾਰਡ ਦਿੱਤਾ ਗਿਆ। ਪੀ ਐਨ ਬੀ ਨੇ ਆਖਰ ਇਹ ਮੈਚ 6-3 ਨਾਲ ਜਿੱਤ ਲਿਆ।

ਹਾਕੀ ਇੰਡੀਆ ਨੇ ਟੂਰਨਾਮੈਂਟ ਦੇ ਡਾਇਰੈਕਟਰ ਮਹੇਸ਼ ਕੁਮਾਰ ਨੂੰ ਵਿਸਥਾਰ ਵਿੱਚ ਰਿਪੋਰਟ ਦੇਣ ਲਈ ਕਿਹਾ ਹੈ। ਹਾਕੀ ਇੰਡੀਆ ਦੀ ਸੀ ਈ ਓ ਇਲੇਨਾ ਨਾਮਨ ਨੇ ਕਿਹਾ, 'ਅਸੀ ਟੂਰਨਾਮੈਂਟ ਅਧਿਕਾਰੀਆਂ ਤੋਂ ਅਧਿਕਾਰਤ ਰਿਪੋਰਟ ਦਾ ਇੰਤਜ਼ਾਰ ਕਰ ਰਹੇ ਹਾਂ। ਇਸ ਆਧਾਰ 'ਤੇ ਹਾਕੀ ਇੰਡੀਆ ਜ਼ਰੂਰੀ ਕਾਰਵਾਈ ਕਰੇਗਾ।'

# ਸੱਤਰ ਸਾਲਾਂ ਵਿੱਚ ਸੰਵਿਧਾਨ ਵਿੱਚ 103 ਵਾਰ ਸੋਧ ਕੀਤੀ ਗਈ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਨੇ ਸੱਤਰ ਸਾਲਾਂ ਦੌਰਾਨ ਸੰਵਿਧਾਨ ਵਿੱਚ 103 ਵਾਰ ਸੋਧ ਕੀਤੀ ਤੇ ਇਸ ਵਿੱਚ ਕੇਵਲ ਇੱਕ ਸੋਧ ਨੂੰ ਸੁਪਰੀਮ ਕੋਰਟ ਨੇ ਗੈਰ ਸੰਵਿਧਾਨਕ ਕਰਾਰ ਦਿੱਤਾ। ਪਹਿਲੀ ਤੇ ਆਖਰੀ, ਦੋਵਾਂ ਸੰਵਧਾਨ ਸੋਧਾਂ ਸਮਾਜਕ ਨਿਆਂ ਨਾਲ ਸੰਬੰਧਤ ਸਨ।

ਰਾਜ ਸਭਾ ਵੱਲੋਂ ਜਾਰੀ ਇੱਕ ਬਿਆਨ ਮੁਤਾਬਕ ਸੰਵਿਧਾਨ ਸਭਾ ਨੇ 26 ਨਵੰਬਰ 1949 ਨੂੰ ਭਾਰਤ ਦੇ ਸੰਵਿਧਾਨ ਨੂੰ ਪ੍ਰਵਾਨ ਕੀਤਾ ਸੀ ਤੇ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਕੀਤਾ ਗਿਆ ਸੀ। ਇਸ ਲਈ ਹਰ ਸਾਲ 26 ਨਵੰਬਰ ਦਾ ਦਿਨ ਸੰਵਿਧਾਨ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਸਾਲ ਸੰਵਿਧਾਨ ਨੂੰ ਪ੍ਰਵਾਨ ਕੀਤੇ ਜਾਣ ਦੀ 70ਵੀਂ ਵਰ੍ਹੇਗੰਢ ਹੈ। ਰਾਜ ਸਭਾ ਵੱਲੋਂ ਜਾਰੀ ਵੇਰਵੇ ਮੁਤਾਬਕ ਸੰਵਿਧਾਨ ਵਿੱਚ ਪਹਿਲੀ ਸੋਧ 1951 ਨੂੰ ਅਸਥਾਈ ਪਾਰਲੀਮੈਂਟ ਨੇ ਪਾਸ ਕੀਤੀ ਸੀ। ਓਦੋਂ ਰਾਜ ਸਭਾ ਨਹੀਂ ਸੀ। ਇਸ ਦੇ ਬਾਅਦ ਅੱਜ ਤੱਕ 103 ਸੋਧਾਂ ਕੀਤੀਆਂ ਗਈਆਂ ਹਨ। ਰਾਜ ਸਭਾ ਸਕੱਤਰੇਤ ਨੇ ਦੱਸਿਆ ਕਿ ਪਹਿਲੀ ਸੋਧ ਵਿੱਚ ਰਾਜਾਂ ਨੂੰ ਸਮਾਜਕ ਅਤੇ ਆਰਥਿਕ ਰੂਪ ਤੋਂ ਪਿਛੜੇ ਵਰਗਾਂ ਜਾਂ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਭਲੇ ਲਈ ਸਕਾਰਾਤਮਕ ਕਦਮ ਚੁੱਕਣ ਦਾ ਅਧਿਕਾਰ ਦਿੱਤਾ ਗਿਆ ਸੀ। ਸੰਵਿਧਾਨ ਵਿੱਚ ਕੀਤੀ ਗਈ ਅੰਤਿਮ 103ਵੀਂ ਸੋਧ 2019 ਵਿੱਚ ਆਰਥਿਕ ਰੂਪ ਤੋਂ ਪਿਛੜੇ ਵਰਗਾਂ ਲਈ ਕੀਤੀ ਗਈ ਸੀ। ਰਾਜ ਸਭਾ ਦੇ 1952 ਵਿੱਚ ਗਠਨ ਦੇ ਬਾਅਦ ਤੋਂ ਉਚ ਸਦਨ ਨੇ 107 ਸੰਵਿਧਾਨ ਸੋਧ ਬਿਲ ਪਾਸ ਕੀਤੇ। ਇਨ੍ਹਾਂ ਵਿੱਚੋਂ ਸਿਰਫ ਇੱਕ ਬਿੱਲ ਨੂੰ ਲੋਕ ਸਭਾ ਨੇ ਅਯੋਗ ਮੰਨਿਆ ਸੀ, ਜਦ ਕਿ ਚਾਰ ਸੰਵਿਧਾਨ ਸੋਧ ਬਿੱਲ ਹੇਠਲਾ ਸਦਨ ਭੰਗ ਹੋਣ ਦੇ ਕਾਰਨ ਰੱਦ ਹੋ ਗਏ।

# ਇਤਰਾਜ਼ਾਂ ਕਾਰਨ ਰਾਜ ਸਭਾ ਦੇ ਮਾਰਸ਼ਲਾਂ ਦੀ ਡਰੈੱਸ ਫਿਰ ਬਦਲੀ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਰਾਜ ਸਭਾ ਵਿੱਚ ਪਿਛਲੇ ਹਫਤੇ ਵਿਵਾਦਤ ਫੌਜੀ ਵਰਦੀ ਵਿੱਚ ਦਿਖਾਈ ਦਿੱਤੇ ਮਾਰਸ਼ਲ ਦੇ ਖਿਲਾਫ ਸਦਨ ਦੇ ਬਾਹਰ ਅਤੇ ਅੰਦਰ ਉਠੇ ਇਤਰਾਜ਼ਾਂ ਤੋਂ ਬਾਅਦ ਕੱਲ੍ਹ ਉਨ੍ਹਾਂ ਨੇ ਆਪਣੀ ਡਰੈਸ ਫਿਰ ਬਦਲ ਲਈ। ਬੰਦ ਗਲੇ ਦਾ ਸੂਟ ਪਾ ਕੇ ਮਾਰਸ਼ਲਾਂ ਦੇ ਸਿਰ 'ਤੇ ਰਹਿਣ ਵਾਲੀ ਰਵਾਇਤ ਪੱਗ ਨਹੀਂ ਸੀ।

ਵਰਨਣ ਯੋਗ ਹੈ ਕਿ ਚਾਲੂ ਸੈਸ਼ਨ ਦੇ ਪਹਿਲੇ ਦਿਨ ਚੇਅਰਮੈਨ ਦੀ ਸੀਟ ਦੇ ਨਜ਼ਦੀਕ ਰਹਿਣ ਵਾਲੇ ਮਾਰਸ਼ਲ ਗੂੜ੍ਹੇ ਨੀਲੇ ਰੰਗ ਦੀ ਫੌਜੀ ਵਰਦੀ ਵਿੱਚ ਪੀ ਕੈਪ ਪਾ ਕੇ ਆਏ ਸਨ। ਇਸ ਉੱਤੇ ਚਾਰੇ ਪਾਸੇ ਇਤਰਾਜ਼ ਉਠਣ ਲੱਗੇ ਸਨ। ਉਸਦੇ ਅਗਲੇ ਦਿਨ ਚੇਅਰਮੈਨ ਵੈਂਕਈਆ ਨਾਇਡੂ ਨੇ ਮਾਰਸ਼ਲਾਂ ਦੀ ਵਰਦੀ ਬਦਲਣ ਦਾ ਸੰਕੇਤ ਵੀ ਦੇ



ਦਿੱਤਾ ਸੀ। ਅਸਲ 'ਚ ਸਰਦ ਰੁੱਤ ਇਜਲਾਸ ਦੇ ਪਹਿਲੇ ਦਿਨ ਰਾਜ ਸਭਾ ਸ਼ੁਰੂ ਹੁੰਦੇ ਸਾਰ ਸਦਨ 'ਚ ਮਾਰਸ਼ਲ ਫੌਜੀ ਵਰਦੀ ਵਰਗੀ ਡਰੈਸ 'ਚ ਨਜ਼ਰ ਆਏ। ਇਸ ਉੱਤੇ ਕਈ ਮੈਂਬਰਾਂ ਨੇ ਹੈਰਾਨੀ ਪ੍ਰਗਟਾਉਂਦੇ ਹੋਏ ਇਤਰਾਜ਼ ਕੀਤਾ ਸੀ। ਅਗਲੇ ਦਿਨ ਸਦਨ ਦੇ ਬੈਠਦੇ ਸਾਰ ਚੇਅਰਮੈਨ ਨਾਇਡੂ ਨੇ ਇਸ ਮਾਮਲੇ ਨੂੰ ਰਾਜ ਸਭਾ ਸਕੱਤਰੇਤ ਨੂੰ ਮੁੜ ਵਿਚਾਰ ਲਈ ਭੇਜ ਦਿੱਤਾ ਸੀ। ਚੇਅਰਮੈਨ ਦੇ ਇਸ ਐਲਾਨ 'ਤੇ ਸਦਨ ਨੇ ਖੁਸ਼ੀ ਪ੍ਰਗਟ ਕੀਤੀ ਸੀ।

ਆਮ ਤੌਰ 'ਤੇ ਰਾਜ ਸਭਾ ਵਿੱਚ ਚੇਅਰਮੈਨ ਅਤੇ ਡਿਪਟੀ ਚੇਅਰਮੈਨਾਂ ਦੀ ਮਦਦ ਕਰਨ ਵਾਲੇ ਮਾਰਸ਼ਲ ਉਸ ਦਿਨ ਫੌਜੀ ਅਧਿਕਾਰੀਆਂ ਦੇ ਪਹਿਰਾਵੇ ਨੇਵੀ ਬਲਿਊ ਕਲਰ ਦੇ ਹੈਟ, ਪੈਂਟ ਵਿੱਚ ਦਿਖਾਈ ਦਿੱਤੇ ਸਨ, ਜਦਕਿ ਆਮ ਤੌਰ ਉੱਤੇ ਉਹ ਚਿੱਟੀ ਡਰੈਸ ਸਾਫਾ (ਕਲਗੀਦਾਰ) ਪੱਗ ਨਾਲ ਠੰਢ ਵਿੱਚ ਬੰਦ ਗਲੇ ਦੇ ਕੋਟ ਨਾਲ ਪੈਂਟ ਸ਼ਰਟ 'ਚ ਰਹਿੰਦੇ ਸਨ। ਉਨ੍ਹਾਂ ਦੀ ਡਿਊਟੀ ਦੀ ਸ਼ੁਰੂਆਤ ਸਦਨ 'ਚ ਚੇਅਰਮੈਨ ਦੇ ਆਉਣ ਦੀ ਆਵਾਜ਼ ਲਾਉਣ ਨਾਲ ਹੁੰਦੀ ਸੀ, ਜਦੋਂ ਉਹ ਮਾਣਯੋਗ ਮੈਬਰਾਂ, ਮਾਣਯੋਗ ਚੇਅਰਮੈਨ ਜੀ, ਤੇਜ਼ ਆਵਾਜ਼ ਵਿੱਚ ਬੋਲਦੇ ਹਨ, ਪਰ ਨਵੀਂ ਡਰੈੱਸ ਵਿੱਚ ਮਾਰਸ਼ਲਾਂ ਦੇ ਸਿਰ 'ਤੇ ਪੱਗ ਦੀ ਥਾਂ ਗੂੜੇ ਰੰਗ ਦੀ ਪੀ ਕੈਪ ਸੀ। ਉਨ੍ਹਾਂ ਨੇ ਗੂੜੇ ਰੰਗ ਦੀ ਆਧੁਨਿਕ ਸੁਰੱਖਿਆ ਮੁਲਾਜ਼ਮਾਂ ਦੀ ਡਰੈਸ ਪਾਈ ਹੋਈ ਸੀ।

# ਟਾਈਟਲਰ ਕੇਸ 'ਚ ਅਦਾਲਤ ਵੱਲੋਂ ਸੀ ਬੀ ਆਈ ਦੀ ਝਾੜ-ਝੰਬ

### * ਗਵਾਹਾਂ ਦੇ ਬਿਆਨ ਬਾਰੇ 15 ਦਿਨਾਂ 'ਚ ਰਿਪੋਰਟ ਪੇਸ਼ ਕਰਨ ਦੇ ਹੁਕਮ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਸਿੱਖ ਕਤਲੇਆਮ ਦੇ ਕੇਸ ਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੱਲ੍ਹ ਓਦੋਂ ਵੱਡੀ ਕਾਮਯਾਬੀ ਹਾਸਲ ਹੋਈ ਜਦ ਅਦਾਲਤ ਨੇ ਸ਼ਿਕਾਇਤ ਕਰਤਾ ਦੀ ਅਰਜ਼ੀ 'ਤੇ ਕਾਰਵਾਈ ਕਰਦੇ ਹੋਏ ਸੀ ਬੀ ਆਈ ਨੂੰ ਫਟਕਾਰ ਲਾਈ ਅਤੇ ਸਵਾਲ ਕੀਤਾ ਕਿ ਜਗਦੀਸ਼ ਟਾਈਟਲਰ ਕੇਸ ਦੇ 164 ਗਵਾਹਾਂ ਦੇ ਬਿਆਨ ਦਰਜ ਕਿਉਂ ਨਹੀਂ ਹੋਏ। ਉਨ੍ਹਾਂ ਦੇ ਬਿਆਨ ਦਰਜ ਕਰਾਉਣ ਬਾਰੇ ਐਸ ਪੀ ਨੂੰ 15 ਦਿਨਾਂ ਅੰਦਰ ਰਿਪੋਰਟ ਪੇਸ਼ ਕਰਨ ਨੂੰ ਕਿਹਾ ਗਿਆ ਹੈ। ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਦਿੱਲੀ ਕਮੇਟੀ ਨੇ ਅਦਾਲਤ ਵਿੱਚ ਅਪੀਲ ਕੀਤੀ ਸੀ ਕਿ ਸੀ ਬੀ ਆਈ ਵੱਲੋਂ ਕੇਸ ਵਿੱਚ ਢਿੱਲ ਵਰਤੀ ਜਾ ਰਹੀ ਹੈ।

ਮਨਜਿੰਦਰ ਸਿੰਘ ਸਿਰਸਾ ਦੇ ਮੁਤਾਬਕ ਗਵਾਹਾਂ ਦੇ ਬਿਆਨ ਤੱਕ ਦਰਜ ਨਹੀਂ ਕਰਾਏ ਜਾ ਰਹੇ। 35 ਸਾਲ ਹੋ ਗਏ ਹਨ ਅਤੇ ਕਈ ਗਵਾਹ ਇਸ ਦੁਨੀਆ ਵਿੱਚ ਵੀ ਨਹੀਂ ਰਹੇ। ਇਸ ਲਈ ਬਿਨ੍ਹਾਂ ਕਿਸੇ ਦੇਰੀ ਗਵਾਹਾਂ ਦੇ ਬਿਆਨ ਦਰਜ ਕਰਾਏ ਜਾਣ। ਅਦਾਲਤ ਦੇ ਆਦੇਸ਼ਾਂ ਦੇ ਬਾਵਜੂਦ ਸੀ ਬੀ ਆਈ ਨੂੰ ਤਿੰਨ ਸਾਲ



ਲੱਗ ਗਏ ਅਤੇ ਜਗਦੀਸ਼ ਟਾਈਟਲਰ ਦੇ ਖਿਲਾਫ ਗਵਾਹੀ ਦੇਣ ਵਾਲੇ ਅਭਿਸ਼ੇਕ ਵਰਮਾ ਦਾ ਪੋਲੀਗ੍ਰਾਫ ਟੈਸਟ ਕਰਵਾਉਣ ਪਿੱਛੋਂ ਰਿਪੋਰਟ ਹਾਲੇ ਤੱਕ ਜਨਤਕ ਨਹੀਂ ਕੀਤੀ ਗਈ। ਸਿਰਸਾ ਨੇ ਕਿਹਾ ਕਿ ਦਿੱਲੀ ਕਮੇਟੀ ਦੇ ਲੀਗਲ ਸੈਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਵਿੱਚ ਕਮੇਟੀ ਵੱਲੋਂ ਐਡਵੋਕੇਟ ਗੁਰਬਖਸ਼ ਸਿੰਘ ਅਤੇ ਹਰਪ੍ਰੀਤ ਸਿੰਘ ਰਾਹੀਂ ਅਦਾਲਤੀ ਕਾਰਵਾਈ ਕੀਤੀ ਜਾ ਰਹੀ ਹੈ। ਕਮੇਟੀ ਦੀ ਲੀਗਲ ਟੀਮ ਨੇ ਅਦਾਲਤ ਤੋਂ ਬਿਆਨ ਦਰਜ ਕਰਵਾਉਣ ਦੀ ਅਪੀਲ ਦੇ ਨਾਲ ਗਵਾਹਾਂ ਦੀ ਸੁਰੱਖਿਆ ਦੇ ਮੁੱਦੇ 'ਤੇ ਵੀ ਧਿਆਨ ਦੇਣ ਦੀ ਅਪੀਲ ਕੀਤੀ ਸੀ। ਅਦਾਲਤ ਨੇ ਜਾਂਚ ਅਧਿਕਾਰੀ ਦੀ ਵੀ ਜਵਾਬ ਤਲਬੀ ਕੀਤੀ ਕਿ ਗਵਾਹਾਂ ਨੂੰ ਧਮਕੀਆਂ ਮਿਲਣ ਦੇ ਬਾਵਜੂਦ 195ਏ ਦੇ ਤਹਿਤ ਐਫ ਆਈ ਆਰ ਕਿਉਂ ਨਹੀਂ ਕੀਤੀ ਗਈ ਜਦ ਕਿ ਅਜਿਹਾ ਕਰਨਾ ਏਜੰਸੀ ਦੇ ਅਧਿਕਾਰ ਖੇਤਰ ਵਿੱਚ ਹੈ।

# ਤ੍ਰਿਪਤੀ ਦੇਸਾਈ ਨੂੰ ਸਬਰੀਮਾਲਾ ਜਾਣ ਲਈ ਸੁਰੱਖਿਆ ਨਹੀਂ ਮਿਲੀ

ਕੋਚੀ, 26 ਨਵੰਬਰ (ਪੋਸਟ ਬਿਊਰੋ)- ਭੂ-ਮਾਤਾ ਬ੍ਰੀਗੇਡ ਦੀ ਮੁੱਖ ਆਗੂ ਤ੍ਰਿਪਤੀ ਦੇਸਾਈ ਦੀ ਅਗਵਾਈ ਵਿਚ ਭਗਵਾਨ ਆਯੱਪਾ ਦੇ ਮੰਦਰ ਵਿਚ ਦਰਸ਼ਨਾਂ ਕਰਨ ਗਈਆਂ ਮਹਿਲਾ ਅਧਿਕਾਰ ਵਰਕਰਾਂ ਦੀ ਟੀਮ ਨੂੰ ਕੇਰਲ ਪੁਲਿਸ ਨੇ ਸੁਰੱਖਿਆ ਦੇਣ ਤੋਂ ਅੱਜ ਇਨਕਾਰ ਕਰ ਦਿੱਤਾ। ਸ਼ਰਧਾਲੂ, ਸੱਜੇ ਪੱਖੀ ਸੰਗਠਨ ਅਤੇ ਭਾਜਪਾ ਵਰਕਰ ਆਯੱਪਾ ਮੰਦਰ ਵਿਚ ਉਨ੍ਹਾਂ ਦੇ ਦਾਖ਼ਲੇ ਦਾ ਵਿਰੋਧ ਕਰ ਰਹੇ ਸਨ। ਕੇਰਲ ਸਰਕਾਰ ਨੇ ਤ੍ਰਿਪਤੀ ਦੇ ਯਤਨ ਨੂੰ ਸਾਜ਼ਿਸ਼ ਕਰਾਰ ਦਿੱਤਾ ਹੈ। ਅੱਜ ਇਨ੍ਹਾਂ ਮਹਿਲਾ ਅਧਿਕਾਰ ਵਰਕਰਾਂ ਦੀ ਟੀਮ ਨੇ ਕੋਚੀ ਹਵਾਈ ਅੱਡੇ ਉੱਤੇ ਉਤਰ ਕ ਏਥੇ ਪੁਲਿਸ ਦੇ ਸਿਟੀ ਕਮਿਸ਼ਨਰ ਕੋਲ ਪਹੁੰਚ ਕਰ ਕੇ ਸਬਰੀਮਾਲਾ ਜਾਣ ਲਈ ਸੁਰੱਖਿਆ ਦੀ ਮੰਗ ਕੀਤੀ ਸੀ। ਹਵਾਈ ਅੱਡੇ ਤੋਂ ਉਨ੍ਹਾਂ ਦੇ ਨਾਲ ਕੇਰਲ ਦੀ ਵਰਕਰ ਬਿੰਦੂ ਅਮਿਨੀ ਵੀ ਆਈ ਸੀ, ਪ੍ਰੰਤੂ ਪੁਲਿਸ ਨੇ ਕੇਸ ਸੁਪਰੀਮ ਕੋਰਟ ਵਿਚ ਮੁੜ ਵਿਚਾਰ ਲਈ ਪੈਂਡਿੰਗ ਹੋਣ ਦੀ ਗੱਲ ਕਹਿ ਕੇ ਸੁਰੱਖਿਆ ਦੇਣ ਤੋਂ ਇਨਕਾਰ ਕਰ ਦਿੱਤਾ।

ਇਸ ਦੌਰਾਨ ਤ੍ਰਿਪਤੀ ਦੇਸਾਈ ਦੇ ਸ਼ਹਿਰ ਵਿਚ ਹੋਣ ਦੀ ਖ਼ਬਰ ਸੁਣ ਕੇ ਵੱਡੀ ਗਿਣਤੀ ਵਿਚ ਭਗਵਾਨ ਆਯੱਪਾ ਦੇ ਭਗਤ, ਭਾਜਪਾ ਵਰਕਰ ਤੇ ਸਬਰੀਮਾਲਾ ਕਰਮ ਕਮੇਟੀ ਦੇ ਵਰਕਰ ਪੁਲਿਸ ਕਮਿਸ਼ਨਰ ਦੇ ਦਫ਼ਤਰ ਦੇ ਬਾਹਰ ਇਕੱਠੇ ਹੋ ਗਏ ਤੇ ਪ੍ਰਦਰਸ਼ਨ ਕਰਨ ਲੱਗੇ। ਕੇਰਲਾ ਦੀ ਵਰਕਰ ਬਿੰਦੂ ਜਦੋਂ ਆਪਣੀ ਗੱਡੀ ਤੋਂ ਕਾਗ਼ਜ਼ ਲੈਣ ਲਈ ਪੁਲਿਸ ਕਮਿਸ਼ਨਰ ਦੇ ਦਫ਼ਤਰ ਤੋਂ ਬਾਹਰ ਆਈ ਤਾਂ ਸੱਜੇ ਪੱਖੀ ਸੰਗਠਨਾਂ ਦੇ ਇਕ ਵਰਕਰ ਸ਼੍ਰੀਨਾਥ ਪਦਮਨਾਭਨ ਨੇ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ। ਜਦੋਂ ਪੁਲਿਸ ਨੇ ਮਹਿਲਾ ਵਰਕਰਾਂ ਨੂੰ ਸੁਰੱਖਿਆ ਦੇਣ ਦਾ ਭਰੋਸਾ ਨਾ ਦਿੱਤਾ ਤਾਂ ਗੁੱਸੇ ਵਿਚ ਆਏ ਹੋਏ ਵਰਕਰਾਂ ਨੇ ਆਪਣਾ ਰੋਸ ਪ੍ਰਦਰਸ਼ਨ ਖ਼ਤਮ ਕੀਤਾ।

BEST TRUCK REPAIR & TIRE CENTRE
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055



# ਕੈਪਟਨ ਵੱਲੋਂ ਇੰਗਲੈਂਡ ਵਿੱਚ ਪਹੁੰਚ ਕੇ ਭਾਰਤ-ਪਾਕਿ ਦੋਸਤੀ ਦੀ ਵਕਾਲਤ

ਬਰਮਿੰਘਮ, 26 ਨਵੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਅਤੇ ਪਾਕਿਸਤਾਨ ਦੀ ਖੁਸ਼ਹਾਲੀ ਅਤੇ ਵਿਕਾਸ ਲਈ ਪਾਕਿਸਤਾਨ ਨਾਲ ਸ਼ਾਂਤੀ ਤੇ ਦੋਸਤੀ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਉਨ੍ਹਾਂ ਸਾਫ ਕਿਹਾ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਤੋਂ ਸਮਰਥਨ ਲੈਣ ਵਾਲੇ ਸਿੱਖਰ ਫਾਰ ਜਸਟਿਸ (ਐਸ ਐਫ ਜੇ) ਨੂੰ ਭਾਰਤ ਆਪਣੀ ਅਖੰਡਤਾ ਤੇ ਸਥਿਰਤਾ ਨੂੰ ਭੰਗ ਕਰਨ ਦੀ ਆਗਿਆ ਨਹੀਂ ਦੇਵੇਗਾ। ਉਹ ਇੱਥੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਬਾਰੇ ਵਿਸ਼ੇਸ਼ ਸਮਾਗਮ ਦੌਰਾਨ ਪਰਵਾਸੀ ਭਾਰਤੀਆਂ ਨੂੰ ਸੰਬੋਧਨ ਕਰ ਰਹੇ ਸਨ।

ਇਸ ਦੌਰਾਨ ਮੀਡੀਆ ਨਾਲ ਗ਼ੈਰ-ਰਸਮੀ ਗੱਲਬਾਤ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਐਸ ਐਫ ਜੇ ਇੱਕ ਕੱਟੜ ਗਰੁੱਪ ਸੀ, ਜਿਸ ਦੀ ਮੁਹਿੰਮ ਦਾ ਕੋਈ ਵਿਚਾਰਧਾਰਕ ਆਧਾਰ ਨਹੀਂ। ਇਸ ਗਰੁੱਪ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ, ਜਿਸ ਉੱਤੇ ਆਈ ਐਸ ਆਈ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕੰਮ ਕਰਨ ਦਾ ਦੋਸ਼ ਹੈ, ਨੂੰ ਧੋਖੇਬਾਜ਼ ਕਹਿ ਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਸ ਦਾ ਮਕਸਦ ਆਈ ਐਸ ਆਈ ਦੇ ਏਜੰਡੇ ਨੂੰ ਅੱਗੇ ਵਧਾਉਣਾ ਅਤੇ ਸਿੱਖਾਂ ਤੇ ਭਾਰਤ ਨੂੰ ਵੰਡਣਾ ਹੀ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਸ ਤੋਂ ਪਹਿਲਾਂ ਪਰਵਾਸੀਆਂ ਨੂੰ ਸੰਬੋਧਨ ਕਰਦਿਆਂ ਸੰਸਾਰ ਸਮੱਸਿਆਵਾਂ ਦੇ ਹੱਲ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਅਨੁਸਾਰ ਸ਼ਾਂਤੀ ਦੇ ਪਸਾਰ ਲਈ ਗੁਆਂਢੀ ਦੇਸ਼ਾਂ ਨਾਲ ਦੋਸਤਾਨਾ ਸਬੰਧ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੋਵਾਂ ਨੇ ਕਈ ਚੁਣੌਤੀਆਂ ਦਾ ਸਾਹਮਣਾ ਕੀਤਾ ਸੀ ਅਤੇ ਅੱਜ ਸਮਾਂ ਆ ਗਿਆ ਹੈ ਕਿ ਬੀਤੇ ਸਮੇਂ ਨੂੰ ਭੁੱਲ ਕੇ ਦੋਸਤੀ ਦੀ ਭਾਵਨਾ ਨਾਲ ਅੱਗੇ ਵਧਦਿਆਂ ਆਪਣੀ ਤਰੱਕੀ ਯਕੀਨੀ ਬਣਾਉਣ। ਗੁਰੂ ਨਾਨਕ ਦੇਵ ਜੀ ਦੇ 'ਪਰਮਾਤਮਾ ਇੱਕ ਹੈ' ਦੇ ਫਲਸਫੇ ਦੇ ਹਵਾਲਾ ਨਾਲ ਮੁੱਖ ਮੰਤਰੀ ਨੇ ਭਵਿੱਖ ਸੁਰੱਖਿਅਤ ਕਰਨ ਅਤੇ ਪੰਜਾਬ ਤੇ ਇਸ ਦੇ ਲੋਕਾਂ ਦੇ ਵਿਕਾਸ ਲਈ ਧਰਮਾਂ-ਜਾਤਾਂ ਦੇ ਵਖਰੇਵਿਆਂ ਤੋਂ ਉਪਰ ਉਠਣ ਦੀ ਲੋੜ 'ਤੇ ਜ਼ੋਰ ਦਿੱਤਾ। ਪ੍ਰਦੂਸ਼ਣ ਅਤੇ ਪਾਣੀ ਦੀ ਘਾਟ ਵਰਗੀਆਂ ਸੰਸਾਰ-ਵਿਆਪੀ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਜੋ 550 ਸਾਲਾ ਪਹਿਲਾਂ ਸੰਕੇਤ ਦੇ ਦਿੱਤਾ ਸੀ, ਉਹ ਅੱਜ ਅਮਲੀ ਰੂਪ ਵਿੱਚ ਹੋ ਰਿਹਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਲਈ ਸਾਂਝੇ ਉਦਮਾਂ ਦੀ ਲੋੜ 'ਤੇ ਜ਼ੋਰ ਦਿੱਤਾ ਸੀ। ਮੁੱਖ ਮੰਤਰੀ ਨੇ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪਿਛੋਕੜ ਨੂੰ ਯਾਦ ਰੱਖਣ ਅਤੇ ਪੰਜਾਬ ਦੀ ਤਰੱਕੀ ਲਈ ਹਰ ਤਰ੍ਹਾਂ ਯੋਗਦਾਨ ਦੇਣ। ਉਨ੍ਹਾਂ ਨੇ ਬ੍ਰਿਟੇਨ ਵਿਚਲੇ ਭਾਰਤੀ ਪਰਵਾਸੀਆਂ ਨੂੰ 5-6 ਦਸੰਬਰ ਨੂੰ ਮੁਹਾਲੀ ਵਿਖੇ ਕਰਾਏ ਜਾ ਰਹੇ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ' ਲਈ ਸੱਦਾ ਦਿੱਤਾ ਤਾਂ ਜੋ ਆਰਥਿਕ ਤਰੱਕੀ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਸੂਬੇ ਨੂੰ ਖੇਤੀਬਾੜੀ ਤੋਂ ਉਦਯੋਗਾਂ ਵੱਲ ਲਿਜਾਉਣ ਵਿੱਚ ਸਹਾਇਤਾ ਕੀਤੀ ਜਾ ਸਕੇ। ਇਸ ਮੌਕੇ ਕਰਤਾਰਪੁਰ ਲਾਂਘੇ ਨੂੰ ਭਾਰਤ ਅਤੇ ਪਾਕਿਸਤਾਨ ਦੇ ਬਿਹਤਰ ਸਬੰਧਾਂ ਦੀ ਸ਼ੁਰੂਆਤ ਦੱਸਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਆਸ ਕੀਤੀ ਕਿ ਇਹ ਕਦਮ 'ਖੁੱਲ੍ਹੇ ਦਰਸ਼ਨ-ਦੀਦਾਰ' ਦੀ ਮੰਗ ਕਰਨ ਵਾਲੇ ਭਾਰਤੀ ਲੋਕਾਂ ਲਈ ਪਾਕਿਸਤਾਨ ਵਿੱਚ ਹੋਰ ਮੱਹਤਵਪੂਰਨ ਧਾਰਮਿਕ ਅਸਥਾਨਾਂ ਵਿਖੇ ਜਾਣ ਦਾ ਰਾਹ ਪੱਧਰਾ ਕਰੇਗਾ।



*ਇਸ ਮੌਕੇ ਇੰਗਲੈਂਡ 'ਚ ਭਾਰਤ ਦੀ ਹਾਈ ਕਮਿਸ਼ਨਰ ਵਲੋਂ ਮੁੱਖ ਮੰਤਰੀ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੀ ਹੱਥ ਨਾਲ ਬਣਾਈ ਪੇਂਟਿੰਗ ਭੇਟ ਕੀਤੀ ਗਈ।*

## ਚੀਨ ਅਤੇ ਪਾਕਿ ਵਿਚਾਲੇ ਦੂਰੀ ਪੈਦਾ ਕਰਨਾ ਚਾਹੁੰਦੈ ਅਮਰੀਕਾ : ਗੇਂਗ ਸ਼ੁਆਂਗ



ਪੇਈਚਿੰਗ, 26 ਨਵੰਬਰ (ਪੋਸਟ ਬਿਊਰੋ)- ਚੀਨ ਨੇ ਦੋਸ਼ ਲਾਇਆ ਹੈ ਕਿ ਅਮਰੀਕਾ 60 ਅਰਬ ਡਾਲਰ ਦੇ ਚੀਨ-ਪਾਕਿਸਤਾਨ ਆਰਥਿਕ ਗਲਿਆਰਾ (ਸੀ ਪੀ ਈ ਸੀ) ਦੇ ਕੰਮ ਵਿੱਚ ਕਰਜ਼ੇ ਨਾਲ ਜੁੜੇ ਨਿਯਮਾਂ ਦੇ ਮੁੱਦੇ ਨੂੰ ਲਗਾਤਾਰ ਉਠਾ ਕੇ ਪਾਕਿਸਤਾਨ ਨਾਲ ਸਾਡੇ ਸੰਬੰਧਾਂ ਵਿੱਚ ਦੂਰੀਆਂ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਵਰਨਣ ਯੋਗ ਹੈ ਕਿ ਸੀ ਪੀ ਈ ਸੀ ਦੇ ਅਧੀਨ ਅਰਬ ਸਾਗਰ ਦੇ ਕਿਨਾਰੇ ਪਾਕਿਸਤਾਨ ਦੇ ਰਣਨੀਤਕ ਰੂਪ ਤੋਂ ਮਹੱਤਵ ਪੂਰਨ ਸਥਾਨ ਗਵਾਦਰ ਬੰਦਰਗਾਹ ਨੂੰ ਚੀਨ ਦੇ ਖੁਸ਼ਹਾਲ ਸ਼ਿੰਜਿਆਂਗ ਉਈਗੁਰ ਸਿਹਤ ਖੇਤਰ ਨਾਲ ਜੋੜਦੇ ਹੋਏ ਸੜਕ, ਰੇਲਵੇ ਤੇ ਊਰਜਾ ਯੋਜਨਾਵਾਂ ਨੰ ਤਿਆਰ ਕਰਨ ਦੀ ਯੋਜਨਾ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸ਼ੁਆਂਗ ਨੇ ਕਿਹਾ, ਅਮਰੀਕਾ ਸਬੂਤਾਂ ਨੂੰ ਨਜ਼ਰ ਅੰਦਾਜ਼ ਕਰ ਰਿਹਾ ਹੈ ਅਤੇ ਕਰਜ਼ੇ ਦੇ ਮੁੱਦੇ ਦੀ ਵਰਤੋਂ ਕਰਦੇ ਹੋਏ ਚੀਨ ਅਤੇ ਪਾਕਿਸਤਾਨ ਵਿੱਚ ਪਾਟਕ ਪੈਦਾ ਕਰ ਰਿਹਾ ਹੈ। ਇਹ ਗਲਤ ਨੀਤ ਅਤੇ ਮੰਦਭਾਵਨਾ ਤੋਂ ਪ੍ਰੇਰਿਤ ਹੈ। ਦੱਖਣੀ ਅਤੇ ਕੇਂਦਰੀ ਏਸ਼ੀਆ ਲਈ ਸਿਖਰਲੇ ਅਮਰੀਕੀ ਡਿਪਲੋਮੈਟ ਏਲਿਸਾ ਵੇਲਸ ਨੇ ਸੀ ਪੀ ਈ ਸੀ ਅਤੇ ਚੀਨ ਦੀ ਖੇਤਰ ਤੇ ਸੜਕ ਪਹਿਲ ਯੋਜਨਾ (ਬੀ ਆਰ ਆਈ) ਦੀ ਆਲੋਚਨਾ ਕੀਤੀ ਸੀ। ਸ਼ੁਆਂਗ ਨੇ ਕਿਹਾ, ਵੇਲਸ ਦੀ ਟਿੱਪਣੀ ਨਵੀਂ ਨਹੀਂ ਅਤੇ ਸੀ ਪੀ ਈ ਸੀ ਅਤੇ ਬੀ ਆਰ ਆਈ ਨੂੰ ਬਦਨਾਮ ਕਰਨ ਲਈ ਅਮਰੀਕਾ ਵਿੱਚੋਂ ਕੁਝ ਲੋਕ ਜੋ ਕਰ ਰਹੇ ਹਨ, ਉਨ੍ਹਾਂ ਨੂੰ ਇਹ ਦੋਹਰਾ ਰਹੀ ਹੈ। ਚੀਨ, ਪਾਕਿਸਤਾਨ ਦੋਵਾਂ ਨੇ ਪਹਿਲਾਂ ਕਈ ਵਾਰ ਅਜਿਹੇ ਬਿਆਨਾਂ ਨੂੰ ਰੱਦ ਕੀਤਾ ਹੈ।

ਓਧਰ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਵੀ ਕਿਹਾ ਕਿ ਚੀਨ-ਪਾਕਿਸਤਾਨ ਆਰਥਿਕ ਗਲਿਆਰਾ (ਸੀ ਪੀ ਈ ਸੀ) 'ਤੇ ਅਮਰੀਕੀ ਦ੍ਰਿਸ਼ਟੀਕੋਣ ਦਾ ਮਹੱਤਵ ਪੂਰਨ ਯੋਜਨਾਵਾਂ 'ਤੇ ਅਸਰ ਨਹੀਂ ਪਵੇਗਾ। ਯੋਜਨਾ ਦਾ ਆਰੰਭ 2015 ਵਿੱਚ ਹੋਇਆ ਸੀ, ਜਦ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਪਾਕਿਸਤਾਨ ਗਏ ਸਨ। ਇਸ ਦੇ ਤਹਿਤ ਪਾਕਿਸਤਾਨ ਵਿੱਚ ਵਿਕਾਸ ਦੀਆਂ ਵੱਖ-ਵੱਖ ਢਾਂਚਾਗਤ ਸੰਰਚਨਾਵਾਂ ਵਿੱਚ 60 ਅਰਬ ਡਾਲਰ ਦੇ ਨਿਵੇਸ਼ ਦਾ ਵਿਚਾਰ ਹੈ।

## ਪਾਕਿ ਅਦਾਲਤ ਵੱਲੋਂ ਇਮਰਾਨ ਵਿਰੁੱਧ ਮਾਣਹਾਨੀ ਕੇਸ ਦਾ ਫੈਸਲਾ ਰਾਖਵਾਂ



ਇਸਲਾਮਾਬਾਦ, 26 ਨਵੰਬਰ (ਪੋਸਟ ਬਿਊਰੋ)- ਇਸਲਾਮਾਬਾਦ ਹਾਈ ਕੋਰਟ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਉੱਤੇ ਇਕ ਭਾਸ਼ਣ ਵਿਚ ਅਦਾਲਤ ਦਾ ਮਜ਼ਾਕ ਉਡਾਉਣ ਤੇ ਅਦਾਲਤ ਦੇ ਗੰਭੀਰ ਅਪਮਾਨ ਦਾ ਦੋਸ਼ ਲਾਉਣ ਵਾਲੀ ਪਟੀਸ਼ਨ ਬਾਰੇ ਮੰਗਲਵਾਰ ਨੂੰ ਆਪਣਾ ਫੈਸਲਾ ਰਾਖਵਾਂ ਰੱਖ ਲਿਆ। ਇਹ ਮੰਗ ਵਕੀਲ ਸਲੀਮੁੱਲਾ ਖਾਨ ਵਲੋਂ ਸੋਮਵਾਰ ਨੂੰ ਕੀਤੀ ਗਈ ਸੀ, ਜਿਸ ਵਿਚ ਪ੍ਰਧਾਨ ਮੰਤਰੀ ਖਾਨ ਦੇ ਇਕ ਭਾਸ਼ਣ ਦੌਰਾਨ ਉਨ੍ਹਾਂ ਵਲੋਂ ਕੀਤੀ ਟਿੱਪਣੀ ਦਾ ਜ਼ਿਕਰ ਕੀਤਾ ਗਿਆ ਸੀ। ਇਮਰਾਨ ਖਾਨ ਨੇ ਇਹ ਟਿੱਪਣੀ ਰਾਵਲਪਿੰਡੀ ਤੋਂ 140 ਕਿਲੋਮੀਟਰ ਦੂਰ ਹਜ਼ਾਰਾ ਮੋਟਰਵੇ ਦੇ ਇਕ ਹਿੱਸੇ ਦੇ ਉਦਘਾਟਨ ਸਮਾਰੋਹ ਵਿਚ ਨਵਾਜ਼ ਸ਼ਰੀਫ ਬਾਰੇ ਕੀਤੀ ਸੀ। ਡਾਨ ਅਖਬਾਰ ਦੀ ਖਬਰ ਮੁਤਾਬਕ ਪਟੀਸ਼ਨਰ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ (ਅਦਾਲਤ ਦਾ) ਗੰਭੀਰ ਅਪਮਾਨ ਕੀਤਾ ਹੈ। ਇਸਲਾਮਾਬਾਦ ਹਾਈ ਕੋਰਟ ਦੇ ਚੀਫ ਜਸਟਿਸ ਅਤਹਰ ਮਿਨਾਲਾ ਨੇ ਮੰਗਲਵਾਰ ਨੂੰ ਪਟੀਸ਼ਨ ਦੀ ਸੁਣਵਾਈ ਕੀਤੀ। ਉਨ੍ਹਾਂ ਨੇ ਪਟੀਸ਼ਨਰ ਤੋਂ ਪੁੱਛਿਆ ਕਿ ਪ੍ਰਧਾਨ ਮੰਤਰੀ ਦੇ ਭਾਸ਼ਣ ਤੋਂ ਤੁਹਾਨੂੰ ਕੀ ਸਮੱਸਿਆ ਹੈ? ਉਸ ਨੇ ਜਵਾਬ ਦਿੱਤਾ ਕਿ ਪ੍ਰਧਾਨ ਮੰਤਰੀ ਨੇ ਅਦਾਲਤ ਦਾ ਮਜ਼ਾਕ ਉਡਾਇਆ ਹੈ।

ਜਸਟਿਸ ਮਿਨਾਲਾ ਨੇ ਕਿਹਾ ਕਿ ਅਦਾਲਤ ਨਿੰਦਾ ਦਾ ਸਵਾਗਤ ਕਰਦੀ ਹੈ। ਕੀ ਤੁਸੀਂ ਚੁਣੇ ਹੋਏ ਪ੍ਰਧਾਨ ਮੰਤਰੀ ਉੱਤੇ ਕੇਸ ਚਲਾਉਣਾ ਚਾਹੁੰਦੇ ਹੋ? ਕੀ ਤੁਸੀਂ ਏਦਾਂ ਦੇ ਕਦਮ ਦਾ ਨਤੀਜਾ ਚਾਹੁੰਦੇ ਹੋ? ਕੀ ਤੁਸੀਂ ਚਾਹੁੰਦੇ ਹੋ ਕਿ ਪ੍ਰਧਾਨ ਮੰਤਰੀ ਨੂੰ ਅਯੋਗ ਕਰਾਰ ਦੇ ਦਿੱਤਾ ਜਾਵੇ? ਅਦਾਲਤ ਨੇ ਫਿਲਹਾਲ ਇਸ ਦੀ ਸੁਣਵਾਈ ਇੱਕ ਦਿਨ ਲਈ ਮੁਲਤਵੀ ਕਰ ਦਿੱਤੀ ਹੈ।

ਇਮਰਾਨ ਖਾਨ ਨੇ ਆਪਣੇ ਭਾਸ਼ਣ ਵਿਚ ਪਾਕਿਸਤਾਨ ਦੇ ਚੀਫ ਜਸਟਿਸ ਆਸਿਫ ਸਈਦ ਖੋਸਾ ਤੇ ਸੁਪਰੀਮ ਕੋਰਟ ਦੇ ਚੋਟੀ ਦੇ ਜੱਜ ਜਸਟਿਸ ਗੁਲਜ਼ਾਰ ਅਹਿਮਦ ਨੂੰ ਅਦਾਲਤ ਵਿਚ ਲੋਕਾਂ ਦਾ ਭਰੋਸਾ ਬਹਾਲ ਕਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਦੇਸ਼ ਦੀ ਕਾਨੂੰਨ ਪ੍ਰਣਾਲੀ ਵਿਚ ਰਸੂਖਦਾਰ ਤੇ ਆਮ ਲੋਕਾਂ ਨਾਲ ਕੀਤਾ ਜਾਣ ਵਾਲਾ ਵਿਹਾਰ ਵੱਖਰਾ ਹੈ। ਜਸਟਿਸ ਖੋਸਾ ਨੇ ਖਾਨ ਦੀ ਟਿੱਪਣੀ ਦੇ ਜਵਾਬ ਵਿਚ ਕਿਹਾ ਸੀ ਕਿ ਰਸੂਖਦਾਰ ਲੋਕਾਂ ਦੇ ਸਮਰਥਨ ਲਈ ਸਾਡੇ ਬਾਰੇ ਟਿੱਪਣੀ ਨਾ ਕਰੋ, ਕਿਉਂਕਿ ਸਾਡੇ ਸਾਹਮਣੇ ਸਾਰੇ ਲੋਕ ਬਰਾਬਰ ਹਨ।

### ਇੱਕ ਰਿਪੋਰਟ ਦਾ ਦਾਅਵਾ:

## ਅਮਰੀਕਾ ਨੂੰ ਸਬਕ ਸਿਖਾਉਣ ਦੇ ਲਈ ਈਰਾਨ ਨੇ ਸਾਊਦੀ ਉੱਤੇ ਕੀਤੇ ਸੀ ਹਮਲੇ

ਵਾਸ਼ਿੰਗਟਨ, 26 ਨਵੰਬਰ (ਪੋਸਟ ਬਿਊਰੋ)- ਸਾਊਦੀ ਅਰਬ ਵਿਚ ਅਰਾਮਕੋ ਦੇ ਤੇਲ ਪਲਾਂਟਾਂ ਉੱਤੇ ਡਰੋਨ ਹਮਲੇ ਬਾਰੇ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਅਮਰੀਕਾ ਨੂੰ ਸਬਕ ਸਿਖਾਉਣ ਲਈ ਈਰਾਨ ਨੇ ਇਨ੍ਹਾਂ ਹਮਲਿਆਂ ਦੀ ਸਾਜਿਸ਼ ਰਚੀ ਸੀ, ਪਰ ਇਸ ਰਿਪੋਰਟ ਬਾਰੇ ਇੱਕ ਰਾਏ ਨਹੀਂ ਹੈ।

ਵਰਨਣ ਯੋਗ ਹੈ ਕਿ ਸਤੰਬਰ ਵਿਚ ਸਊਦੀ ਅਰਬ ਦੇ 2 ਤੇਲ ਪਲਾਂਟਾਂ ਉੱਤੇ ਡਰੋਨ ਅਤੇ ਮਿਜ਼ਾਇਲਾਂ ਨਾਲ ਹਮਲਾ ਕੀਤਾ ਗਿਆ ਸੀ। ਇਸ ਕਾਰਨ ਕਰੀਬ ਇਕ ਹਫਤੇ ਤੱਕ ਓਥੇ ਤੇਲ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਸੀ। ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਯਮਨ ਦੇ ਹੌਦੀ ਬਾਗੀਆਂ ਨੇ ਲਈ ਸੀ ਅਤੇ ਸਊਦੀ ਅਰਬ ਨੇ ਇਸ ਦੇ ਪਿੱਛੇ ਈਰਾਨ ਦਾ ਹੱਥ ਹੋਣ ਦੀ ਗੱਲ ਕਹੀ ਸੀ। ਇੱਕ ਤਾਜ਼ਾ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਇਨ੍ਹਾਂ ਹਮਲਿਆਂ ਦੀ ਸਾਜ਼ਿਸ਼ ਈਰਾਨ ਨੇ ਬਣਾਈ ਸੀ। ਅਰਾਮਕੋ ਉੱਤੇ ਹਮਲੇ ਤੋਂ ਕਰੀਬ ਚਾਰ ਮਹੀਨੇ ਪਹਿਲਾਂ ਈਰਾਨ ਦੇ ਫੌਜੀ ਕਮਾਂਡਰਾਂ ਨੇ ਇਸ ਸਾਜ਼ਿਸ਼ ਨੂੰ ਰਚਣ ਲਈ ਇਕ ਉੱਚ-ਪੱਧਰੀ ਬੈਠਕ ਕੀਤੀ ਸੀ।



ਮੀਡੀਆ ਰਿਪੋਰਟਸ ਦੇ ਮੁਤਾਬਕ ਉਸ ਫੌਜੀ ਬੈਠਕ ਵਿਚ ਸ਼ਾਮਲ ਚਾਰ ਲੋਕਾਂ ਦੇ ਹਵਾਲੇ ਨਾਲ ਖੁਲਾਸਾ ਹੋਇਆ ਹੈ ਕਿ ਈਰਾਨੀ ਅਧਿਕਾਰੀ ਐਟਮੀ ਸਮਝੌਤੇ ਤੋਂ ਬਾਹਰ ਨਿਕਲਣ ਤੇ ਤਹਿਰਾਨ ਉੱਤੇ ਰੋਕ ਲਾਗੂ ਕਰਨ ਲਈ ਅਮਰੀਕਾ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਇਸ ਬੈਠਕ ਵਿਚ ਮੌਜੂਦ ਰਹੇ ਇਕ ਅਧਿਕਾਰੀ ਨੇ ਨਾਮ ਜ਼ਾਹਿਰ ਨਾ ਕਰਨ ਦੀ ਸ਼ਰਤ ਉੱਤੇ ਦੱਸਿਆ ਕਿ ਈਰਾਨੀ ਰੇਵੋਲਿਊਸ਼ਨਰੀ ਗਾਰਡ ਦੇ ਇਕ ਵੱਡੇ ਕਮਾਂਡਰ ਨੇ ਇੱਥੇ ਤੱਕ ਕਿਹਾ ਸੀ ਕਿ ਇਹੀ ਸਮਾਂ ਹੈ ਜਦੋਂ ਅਸੀਂ ਆਪਣੀਆਂ ਤਲਵਾਰਾਂ ਕੱਢੀਏ ਅਤੇ ਅਮਰੀਕਾ ਨੂੰ ਸਬਕ ਸਿਖਾਈਏ। ਕਈ ਅਧਿਕਾਰੀਆਂ ਨੇ ਵੀ ਅਮਰੀਕੀ ਅੱਡਿਆਂ ਨੂੰ ਬਰਬਾਦ ਕਰਨ ਦੀ ਗੱਲ ਕਹੀ ਸੀ। ਬੈਠਕ ਦੇ ਅੰਤ ਵਿੱਚ ਇਸ ਗੱਲ ਦੀ ਸਹਿਮਤੀ ਬਣੀ ਕਿ ਅਮਰੀਕਾ ਨਾਲ ਸਿੱਧੇ ਉਲਝਣ ਦੀ ਥਾਂ ਉਸ ਨੂੰ ਉਸ ਦੇ ਕਿਸੇ ਸਾਥੀ ਦੇ ਰਾਹੀਂ ਸਬਕ ਸਿਖਾਉਣਾ ਚਾਹੀਦਾ ਹੈ। ਇਸ ਪਿੱਛੋਂ ਸਾਰਿਆਂ ਨੇ ਸਊਦੀ ਅਰਬ ਦੇ ਤੇਲ ਪਲਾਂਟਾਂ ਉੱਤੇ ਹਮਲਾ ਕਰਨ ਬਾਰੇ ਸਹਿਮਤੀ ਜਤਾਈ ਸੀ ।

ਇਹ ਪਹਿਲੀ ਵਾਰ ਹੈ ਕਿ ਈਰਾਨੀ ਅਧਿਕਾਰੀਆਂ ਵੱਲੋਂ 14 ਸਤੰਬਰ ਦੇ ਹਮਲਿਆਂ ਬਾਰੇ ਕੋਈ ਖੁਲਾਸਾ ਹੋਇਆ ਹੈ। ਕਿਹਾ ਗਿਆ ਹੈ ਕਿ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾਹ ਅਲੀ ਖੁਮੈਨੀ ਨੇ ਸਊਦੀ ਅਰਬ ਦੇ ਖਿਲਾਫ ਆਪ੍ਰੇਸ਼ਨ ਉੱਤੇ ਮੁਹਰ ਲਾਈ ਸੀ, ਪਰ ਕਿਸੇ ਆਮ ਨਾਗਰਿਕ ਤੇ ਅਮਰੀਕੀ ਨੂੰ ਨਿਸ਼ਾਨਾ ਬਣਾਉਣ ਤੋਂ ਬਚਣ ਦੀ ਸਲਾਹ ਦਿੱਤੀ ਸੀ।

ਯੂ ਐੱਨ ਓ ਈਰਾਨ ਦੇ ਬੁਲਾਰੇ ਅਲਿਰੇਜ਼ਾ ਮੀਰਿਊਸਫੀ ਨੇ ਇਸ ਖੁਲਾਸੇ ਨੂੰ ਰੱਦ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਊਦੀ ਅਰਬ ਉੱਤੇ ਹਮਲੇ ਵਿਚ ਈਰਾਨ ਦਾ ਹੱਥ ਨਹੀਂ ਤੇ ਨਾ ਕਿਸੇ ਆਪ੍ਰੇਸ਼ਨ ਲਈ ਫੌਜੀ ਅਧਿਕਾਰੀਆਂ ਦੀ ਕੋਈ ਬੈਠਕ ਹੋਈ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਲੀਡਰ ਖੁਮੈਨੀ ਵਲੋਂ ਆਪ੍ਰੇਸ਼ਨ ਦੀ ਆਗਿਆ ਦਾ ਸਵਾਲ ਹੀ ਨਹੀਂ ਉੱਠਦਾ।

## ਤਣਾਅ ਦੇ ਦੌਰ ਵਿੱਚ ਪਾਕਿ ਦੇ ਫ਼ੌਜੀ ਕਮਾਂਡਰਾਂ ਦਾ ਵੱਡਾ ਫੇਰਬਦਲ

ਇਸਲਾਮਾਬਾਦ, 26 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਫੌਜ 'ਚ ਕੱਲ੍ਹ ਵੱਡਾ ਬਦਲਾਅ ਕੀਤਾ ਗਿਆ, ਜਿਸ ਦੇ ਕਈ ਪੱਖਾਂ ਦੀ ਇਸ ਦੇਸ਼ ਵਿੱਚ ਹਰ ਥਾਂ ਚਰਚਾ ਹੁੰਦੀ ਸੁਣੀ ਗਈ ਹੈ।

ਲੈਫਟੀਨੈਂਟ ਜਨਰਲ ਸਾਹਿਰ ਸ਼ਮਸ਼ਾਦ ਮਿਰਜ਼ਾ ਨੂੰ ਨਵਾਂ ਚੀਫ ਆਫ ਜੁਆਇੰਟ ਸਟਾਫ ਬਣਾਇਆ ਗਿਆ ਹੈ। ਦੋ ਮੇਜਰ ਜਰਨਲ ਤਰੱਕੀ ਦੇ ਕੇ ਲੈਫਟੀਨੈਂਟ ਜਨਰਲ ਬਣਾਏ ਗਏ ਹਨ। ਭਾਰਤ ਦੇ ਨਾਲ ਤਣਾਅ ਦੇ ਦੌਰ 'ਚ ਫੌਜ 'ਚ ਇਨ੍ਹਾਂ ਨਵੀਆਂ ਨਿਯੁਕਤੀਆਂ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਮੇਜਰ ਜਨਰਲ ਅਲੀ ਆਮਿਰ ਅਵਾਨ ਅਤੇ ਮੁਹੰਮਦ ਸਈਦ ਨੂੰ ਲੈਫਟੀਨੈਂਟ ਜਨਰਲ ਬਣਾਇਆ ਗਿਆ ਹੈ। ਅਵਾਨ ਟੈਲੀਕਾਮ ਅਤੇ ਸੂਚਨਾ ਤਕਨੀਕ ਦੇ ਮਾਮਲਿਆਂ ਬਾਰੇ ਆਈ ਜੀ ਅਤੇ ਸਈਦ ਨੈਸ਼ਨਲ ਡਿਫੈਂਸ ਯੂਨੀਵਰਸਿਟੀ, ਇਸਲਾਮਾਬਾਦ ਦੇ ਚੇਅਰਮੈਨ ਬਣਾਏ ਗਏ ਹਨ। ਲੈਫਟੀਨੈਂਟ ਜਨਰਲ ਮੁਹੰਮਦ ਆਮਿਰ ਨੂੰ ਐਡਜੂਟੈਂਟ ਜਨਰਲ ਬਣਾਇਆ ਗਿਆ ਅਤੇ ਲੈਫਟੀਨੈਂਟ ਜਨਰਲ ਨਦੀਮ ਜ਼ਕੀ ਮੰਜ ਨੂੰ ਰਣਨੀਤਕ ਯੋਜਨਾ ਵਾਲੀ ਡਵੀਜ਼ਨ ਦਾ ਨਵਾਂ ਡਾਇਰੈਕਟਰ ਜਨਰਲ ਲਾਇਆ ਗਿਆ ਹੈ। ਲੈਫਟੀਨੈਂਟ ਜਨਰਲ ਸ਼ਾਹੀਨ ਮਜ਼ਹਰ ਮਹਿਮੂਦ ਨੂੰ ਮੰਗਲਾ ਕੋਰ ਦਾ ਕਮਾਂਡਰ ਬਣਾਇਆ ਗਿਆ ਅਤੇ ਲੈਫਟੀਨੈਂਟ ਜਨਰਲ ਨੌਮਾਨ ਮਹਿਮੂਦ ਨੂੰ ਪਿਸ਼ਾਵਰ ਕੋਰ ਦਾ ਕਮਾਂਡਰ ਬਣਾਇਆ ਗਿਆ ਹੈ। ਵਰਣਣ ਯੋਗ ਹੈ ਕਿ ਤਾਜ਼ਾ ਨਿਯੁਕਤੀਆਂ ਜੁਆਇੰਟ ਚੀਫ ਆਫ ਸਟਾਫਸ ਕਮੇਟੀ ਦੇ ਚੇਅਰਮੈਨ ਜਨਰਲ ਜ਼ੁਬੈਰ ਮਹਿਮੂਦ ਹਯਾਤ ਦੀ ਛੁੱਟੀ 'ਤੇ ਜਾਣ ਤੋਂ ਠੀਕ ਪਹਿਲਾਂ ਹੋਈਆਂ ਹਨ। ਹਯਾਤ ਇਸੇ ਹਫਤੇ ਰਿਟਾਇਰ ਹੋਣ ਵਾਲੇ ਹਨ। ਉਨ੍ਹਾਂ ਦੀ ਥਾਂ ਲੈਫਟੀਨੈਂਟ ਜਨਰਲ ਨਦੀਮ ਰਜ਼ਾ ਨੂੰ ਪ੍ਰਧਾਨ ਮੰਤਰੀ ਇਮਾਰਨ ਖਾਨ ਪਹਿਲਾਂ ਹੀ ਜੁਆਇੰਟ ਚੀਫਸ ਆਫ ਸਟਾਫ ਕਮੇਟੀ ਦਾ ਚੇਅਰਮੈਨ ਬਣਾ ਚੁੱਕੇ ਹਨ। ਨਦੀਮ ਰਜ਼ਾ ਦੀ ਨਿਯੁਕਤੀ 27 ਨਵੰਬਰ ਨੂੰ ਅਮਲ ਵਿੱਚ ਆਵੇਗੀ। ਪੀ ਐਮ ਫੌਜ ਮੁੱਖੀ ਜਨਰਲ ਕਮਰ ਜਾਵੇਦ ਬਾਜਵਾ ਦਾ ਕਾਰਜਕਾਲ ਪ੍ਰਧਾਨ ਪਹਿਲਾਂ ਹੀ ਵਧਾ ਚੁੱਕੇ ਹਨ।

## ਅਮਰੀਕਾ ਵਿੱਚ ਭਾਰਤ ਵੰਸ਼ੀ ਵਿਦਿਆਰਥਣ ਨਾਲ ਬਲਾਤਕਾਰ ਪਿੱਛੋਂ ਹੱਤਿਆ ਕੀਤੀ

ਨਿਊਯਾਰਕ, 26 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿਚ 19 ਸਾਲ ਦੀ ਭਾਰਤੀ ਮੂਲ ਦੀ ਇੱਕ ਵਿਦਿਆਰਥਣ ਰੂਥ ਜਾਰਜ ਦੀ ਬਲਾਤਕਾਰ ਪਿੱਛੋਂ ਗਲ਼ਾ ਘੁੱਟ ਕੇ ਹੱਤਿਆ ਕੀਤੀ ਗਈ ਹੈ। ਉਹ ਸ਼ਿਕਾਗੋ ਦੀ ਇਲੀਨਾਇਸ ਯੂਨੀਵਰਸਿਟੀ ਤੋਂ ਮੈਡੀਕਲ ਦੀ ਪੜ੍ਹਾਈ ਕਰ ਰਹੀ ਸੀ। ਰੂਥ ਦੀ ਲਾਸ਼ ਯੂਨੀਵਰਸਿਟੀ ਕੈਂਪਸ ਦੀ ਪਾਰਕਿੰਗ ਗੈਰੇਜ ਵਿਚ ਖੜ੍ਹੀ ਉਸ ਦੀ ਕਾਰ ਤੋਂ ਮਿਲੀ ਹੈ, ਜਿਸ ਦੀ ਜਾਂਚ ਹੋ ਰਹੀ ਹੈ।



ਸ਼ਿਕਾਗੋ ਟ੍ਰਿਬਿਊਨ ਅਖ਼ਬਾਰ ਦੇ ਅਨੁਸਾਰ ਯੂਨੀਵਰਸਿਟੀ ਕੈਂਪਸ ਦੇ ਪੁਲਿਸ ਮੁਖੀ ਕੇਵਿਨ ਬੁਕਰ ਨੇ ਦੱਸਿਆ ਕਿ ਇਸ ਮਾਮਲੇ ਵਿਚ 26 ਸਾਲ ਦੇ ਡੋਨਾਲਡ ਥਰਮਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਨੇ ਆਪਣਾ ਅਪਰਾਧ ਕਬੂਲ ਕਰ ਲਿਆ ਹੈ ਤੇ ਉਸ ਦੇ ਖ਼ਿਲਾਫ਼ ਹੱਤਿਆ ਅਤੇ ਬਲਾਤਕਾਰ ਦਾ ਕੇਸ ਦਰਜ ਕੀਤਾ ਗਿਆ ਹੈ। ਡੋਨਾਲਡ ਨੂੰ 2016 ਵਿੱਚ ਲੁੱਟ ਦੇ ਇਕ ਕੇਸ ਵਿਚ ਛੇ ਸਾਲ ਦੀ ਸਜ਼ਾ ਹੋਈ ਸੀ। ਉਹ ਕੁਝ ਦਿਨ ਪਹਿਲਾਂ ਪੈਰੋਲ ਉੱਤੇ ਬਾਹਰ ਆਇਆ ਸੀ। ਜਾਂਚ ਦੌਰਾਨ ਪੁਲਿਸ ਨੂੰ ਪਤਾ ਲੱਗਾ ਕਿ ਵਿਦਿਆਰਥਣ ਸ਼ਨਿਚਰਵਾਰ ਦੇਰ ਰਾਤ 1.35 ਵਜੇ ਗੈਰੇਜ ਵਿਚ ਦਾਖ਼ਲ ਹੋਈ ਸੀ। ਇਸ ਤੋਂ ਕੁਝ ਦੇਰ ਪਿੱਛੋਂ ਇਕ ਹੋਰ ਵਿਅਕਤੀ, ਜਿਸ ਦਾ ਯੂਨੀਵਰਸਿਟੀ ਨਾਲ ਕੋਈ ਲੈਣਾ-ਦੇਣਾ ਨਹੀਂ ਸੀ, ਗੈਰੇਜ ਵਿਚ ਦਾਖ਼ਲ ਹੋਇਆ ਸੀ। ਬਾਅਦ ਵਿਚ ਇਸ ਵਿਅਕਤੀ ਦੀ ਪਛਾਣ ਡੋਨਾਲਡ ਵਜੋਂ ਹੋਈ ਸੀ।

ਬੁਕਰ ਨੇ ਦੱਸਿਆ ਕਿ ਵਿਦਿਆਰਥਣ ਦਾ ਪਰਿਵਾਰ ਉਸ ਦਾ ਫੋਨ ਮਿਲਾ ਰਿਹਾ ਸੀ, ਪ੍ਰੰਤੂ ਉਹ ਲੱਗ ਨਹੀਂ ਰਿਹਾ ਸੀ। ਇਸ ਪਿੱਛੋਂ ਉਨ੍ਹਾਂ ਨੇ ਪੁਲਿਸ ਨਾਲ ਸੰਪਰਕ ਕੀਤਾ। ਜਾਂਚ ਦੌਰਾਨ ਮੌਕੇ ਤੋਂ ਵਿਦਿਆਰਥਣ ਦਾ ਫੋਨ ਬਰਾਮਦ ਹੋਇਆ। ਵਿਦਿਆਰਥਣ ਦੀ ਚਚੇਰੀ ਭੈਣ ਸੁਨੈਨਾ ਡੇਬੋਰਾ ਨੇ ਫੇਸਬੁੱਕ ਉੱਤੇ ਲਿਖਿਆ, 'ਪਿਆਰੀ ਰੂਥ ਬੇਬੀ, ਤੁਸੀਂ ਸਾਨੂੰ ਹਮੇਸ਼ਾ ਯਾਦ ਆਓਗੇ। ਅਸੀਂ ਵਿਸ਼ਵਾਸ ਨਹੀਂ ਕਰ ਪਾ ਰਹੇ ਕਿ ਤੁਸੀਂ ਸਾਡੇ ਵਿਚਕਾਰ ਨਹੀਂ ਹੋ, ਤੁਸੀਂ ਬਹੁਤ ਪਿਆਰੀ ਭੈਣ ਅਤੇ ਬੇਟੀ ਸੀ। ਈਸ਼ਵਰ ਤੁਹਾਡੀ ਆਤਮਾ ਨੂੰ ਸ਼ਾਂਤੀ ਬਖਸ਼ੇ।'

## ਵਿਗਿਆਨਕਾਂ ਨੇ ਘੱਟ ਕੈਲੋਰੀ ਵਾਲੀ ਖੰਡ ਬੈਕਟੀਰੀਆ ਨਾਲ ਬਣਾ ਲਈ

ਵਾਸ਼ਿੰਗਟਨ, 26 ਨਵੰਬਰ (ਪੋਸਟ ਬਿਊਰੋ)- ਬੈਕਟੀਰੀਆ ਦੀ ਮਦਦ ਨਾਲ ਫਲਾਂ ਅਤੇ ਦੁੱਧ ਉਤਪਾਦਾਂ ਤੋਂ ਅਜਿਹੀ ਖੰਡ ਬਣਾਈ ਹੈ, ਜਿਸ ਵਿੱਚ ਸਧਾਰਨ ਖੰਡ ਦੀ ਤੁਲਨਾ ਵਿੱਚ ਸਿਰਫ 38 ਫੀਸਦੀ ਕੈਲੋਰੀ ਹੈ। ਇਸ ਖੰਡ ਨੂੰ ਟੈਗਾਟੋਜ਼ ਕਿਹਾ ਜਾਂਦਾ ਹੈ। ਅਮਰੀਕਾ ਦੀ ਟਫਟਸ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਦਾ ਕਹਿਣਾ ਹੈ ਕਿ ਅਜੇ ਤੱਕ ਇਸ ਖੰਡ ਵਿੱਚ ਕਿਸੇ ਤਰ੍ਹਾਂ ਦਾ ਮਾੜਾ ਪ੍ਰਭਾਵ ਸਾਹਮਣੇ ਨਹੀਂ ਆਇਆ ਹੈ।

ਟੈਗਾਟੋਜ਼ ਨੂੰ ਅਮਰੀਕਾ ਦੇ ਖੁਰਾਕ ਰੈਗੂਲੇਟਰੀ ਐਫ ਡੀ ਏ ਦੀ ਮਨਜ਼ੂਰੀ ਮਿਲ ਚੁੱਕੀ ਹੈ। ਕੈਲੋਰੀ ਘੱਟ ਹੋਣ ਦੇ ਇਲਾਵਾ ਸਧਾਰਾਨ ਖੰਡ (ਸੁਕਰੋਜ਼) ਦੀ ਤੁਲਨਾ ਵਿੱਚ ਟੈਗਾਟੋਜ਼ ਵਿੱਚ ਹੋਰ ਵੀ ਕਈ ਖੂਬੀਆਂ ਹਨ। ਇਨ੍ਹਾਂ ਵਿਗਿਆਨਕਾਂ ਦਾ ਕਹਿਣਾ ਹੈ ਕਿ ਇਹ ਖੰਡ ਸ਼ੂਗਰ ਤੋਂ ਪੀੜਤ ਲੋਕਾਂ ਲਈ ਫਾਇਦੇਮੰਦ ਹੋ ਸਕਦੀ ਹੈ ਤੇ ਸਧਾਰਨ ਖੰਡ ਦੀ ਤੁਲਨਾ ਵਿੱਚ ਇਸ ਦੀ ਵਰਤੋਂ ਨਾਲ ਦੰਦਾਂ ਵਿੱਚ ਕੈਵਿਟੀ ਦੀ ਸ਼ੰਕਾ ਨਹੀਂ ਰਹਿੰਦੀ। ਆਮ ਤੌਰ 'ਤੇ ਟੈਗਾਟੋਜ਼ ਬਣਾਉਣ ਦੀ ਪ੍ਰਕਿਰਿਆ ਕਾਫੀ ਔਖੀ ਹੁੰਦੀ ਹੈ। ਸਧਾਰਨ ਖੰਡ ਦੇ ਮੁਕਾਬਲੇ ਇਸ ਦਾ ਉਤਪਾਦਨ ਵੀ ਮੁਸ਼ਕਲ ਨਾਲ 30 ਫੀਸਦੀ ਰਹਿ ਜਾਂਦਾ ਹੈ। ਟਫਟਸ ਯੂਨੀਵਰਸਿਟੀ ਦੇ ਇੱਕ ਸਹਾਇਕ ਪ੍ਰੋਫੈਸਰ ਨਿਖਿਲ ਨਾਇਰ ਅਤੇ ਉਨ੍ਹਾਂ ਦੇ ਸਹਿਯੋਗੀ ਜੋਸਫ ਬੋਬਰ ਨੇ ਇੱਕ ਬੈਕਟੀਰੀਆ ਦੀ ਮਦਦ ਨਾਲ ਇਸ ਖੰਡ ਨੂੰ ਬਣਾਉਣ ਦਾ ਨਵਾਂ ਤਰੀਕਾ ਕੱਢਿਆ ਹੈ। ਇਸ ਪ੍ਰਕਿਰਿਆ ਵਿੱਚ ਬੈਕਟੀਰੀਆ ਸੂਖਮ ਬਾਇਓਰਿਐਕਟਰ ਦਾ ਕੰਮ ਕਰਦਾ ਹੈ। ਇਸ ਨਾਲ ਸਧਾਰਨ ਖੰਡ ਦੇ ਮੁਕਾਬਲੇ 85 ਫੀਸਦੀ ਤੱਕ ਟੈਗਾਟੋਜ਼ ਬਣਾ ਸਕਣਾ ਸੰਭਵ ਹੈ।


FIRST CHOICE FINANCIAL LIMITED

TRUCK LOANS

ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424


## ਜੂਲੀਅਨ ਅਸਾਂਜ ਦੇ ਜੇਲ੍ਹ ਵਿੱਚ ਬਿਮਾਰੀ ਨਾਲ ਮਰਨ ਦਾ ਖ਼ਦਸ਼ਾ

*** 60 ਡਾਕਟਰਾਂ ਨੇ ਬ੍ਰਿਟੇਨ ਦੀ ਗ੍ਰਹਿ ਮੰਤਰੀ ਨੂੰ ਖ਼ਤ ਲਿਖਿਆ**

ਲੰਡਨ, 26 ਨਵੰਬਰ (ਪੋਸਟ ਬਿਊਰੋ)- ਸੱਠ ਡਾਕਟਰਾਂ ਨੇ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਦੀ ਸਿਹਤ ਬਹੁਤ ਖਰਾਬ ਹੋਣ ਦਾ ਦਾਅਵਾ ਕਰਦਿਆਂ ਕਿਹਾ ਹੈ ਕਿ ਉਹ ਉਚ ਸੁਰੱਖਿਆ ਵਾਲੀ ਬ੍ਰਿਟਿਸ਼ ਜੇਲ੍ਹ ਦੇ ਅੰਦਰ ਹੀ ਮਰ ਸਕਦਾ ਹੈ। ਇਸ ਸੰਬੰਧ ਵਿੱਚ 60 ਤੋਂ ਵੱਧ ਡਾਕਟਰਾਂ ਨੇ ਖੁੱਲ੍ਹੀ ਚਿੱਠੀ 'ਚ ਇਹ ਸ਼ੱਕ ਜਤਾਇਆ ਹੈ।

ਗ੍ਰਹਿ ਮਾਮਲਿਆਂ ਦੀ ਮੰਤਰੀ ਪ੍ਰੀਤੀ ਪਟੇਲ ਨੂੰ ਲਿਖੀ ਚਿੱਠੀ ਵਿੱ ਡਾਕਟਰਾਂ ਨੇ ਕਿਹਾ ਹੈ ਕਿ ਅਸਾਂਜ ਨੂੰ ਬੇਲਮਾਰਸ਼ ਜੇਲ੍ਹ ਤੋਂ ਤਬਦੀਲ ਕਰਕੇ ਯੂਨੀਵਰਸਿਟੀ ਟੀਚਿੰਗ ਹਸਪਤਾਲ 'ਚ ਦਾਖਲ ਕਰਵਾਇਆ ਜਾਵੇ। ਇਨ੍ਹਾਂ ਡਾਕਟਰਾਂ ਨੇ 21 ਅਕਤੂਬਰ ਨੂੰ ਜੂਲੀਅਨ ਅਸਾਂਜ ਦੀ ਲੰਡਨ ਅਦਾਲਤ 'ਚ ਪੇਸ਼ੀ ਮੌਕੇ ਪ੍ਰਤੱਖ ਦਰਸ਼ੀਆਂ ਅਤੇ ਪਹਿਲੀ ਨਵੰਬਰ ਨੂੰ ਯੂ ਐੱਨ ਓ ਦੇ ਵਿਸ਼ੇਸ਼ ਨੁਮਾਇੰਦੇ ਨਿਲਸ ਮੇਲਜ਼ਰ ਦੀ ਰਿਪੋਰਟ ਦੇ ਆਧਾਰ 'ਤੇ ਇਹ ਦਾਅਵਾ ਕੀਤਾ ਹੈ। ਡਾਕਟਰਾਂ ਨੇ 16 ਪੰਨਿਆਂ ਦੇ ਖੁੱਲ੍ਹੇ ਖ਼ਤ ਵਿਚ ਕਿਹਾ ਹੈ, "ਅਸੀਂ ਜੂਲੀਅਨ ਅਸਾਂਜ ਦੀ ਸਰੀਰਕ ਅਤੇ ਮਾਨਸਿਕ ਸਿਹਤ ਬਾਰੇ ਗੰਭੀਰ ਫਿਕਰ ਨਾਲ ਇਹ ਖ਼ਤ ਲਿਖ ਰਹੇ ਹਾਂ। ਹਵਾਲਗੀ ਬਾਰੇ ਅਗਲੇ ਸਾਲ ਫਰਵਰੀ 'ਚ ਹੋਣ ਵਾਲੀ ਸੁਣਵਾਈ ਨੂੰ ਦੇਖ ਕੇ ਜੂਲੀਅਨ ਅਸਾਂਜ ਦੀ ਫਿਟਨਸ ਲਈ ਸਾਨੂੰ ਫਿਕਰ ਹੈ।" ਉਨ੍ਹਾਂ ਕਿਹਾ ਕਿ ਅਸਾਂਜ ਨੂੰ ਫੌਰੀ ਮਾਹਿਰ ਡਾਕਟਰਾਂ ਤੋਂ ਇਲਾਜ ਦੀ ਲੋੜ ਹੈ।



ਚਿੱਠੀ ਲਿਖਣ ਵਾਲੇ ਇਹ ਡਾਕਟਰ ਅਮਰੀਕਾ, ਆਸਟ੍ਰੇਲੀਆ, ਬ੍ਰਿਟੇਨ, ਸਵੀਡਨ, ਇਟਲੀ, ਜਰਮਨੀ, ਸ੍ਰੀਲੰਕਾ ਤੇ ਪੋਲੈਂਡ ਤੋਂ ਹਨ। ਪਿਛਲੇ ਮਹੀਨੇ ਅਦਾਲਤੀ ਸੁਣਵਾਈ ਦੌਰਾਨ ਜੂਲੀਅਨ ਅਸਾਂਜ ਕਮਜ਼ੋਰ ਜਾਪਦਾ ਸੀ। ਉਹ ਛੇ ਮਹੀਨਿਆਂ ਪਿੱਛੋਂ ਪਹਿਲੀ ਵਾਰ ਦਿਖਾਈ ਦਿੱਤਾ ਸੀ। ਅਦਾਲਤ 'ਚ ਜਦੋਂ ਉਸ ਨੂੰ ਬੋਲਣ ਨੂੰ ਕਿਹਾ ਗਿਆ ਤਾਂ ਉਸ ਦੁਚਿੱਤੀ ਵਿੱਚ ਦਿਖਾਈ ਦਿੱਤਾ। ਆਸਟਰੇਲੀਅਨ ਨਾਗਰਕਿ ਜੂਲੀਅਨ ਅਸਾਂਜ ਉੱਤੇ ਅਮਰੀਕਾ ਨੇ ਜਾਸੂਸੀ ਐਕਟ ਦਾ ਕੇਸ ਚਲਾਇਆ ਹੋਇਆ ਹੈ ਅਤੇ ਉਹ ਬ੍ਰਿਟੇਨ ਤੋਂ ਉਸ ਦੀ ਹਵਾਲਗੀ ਮੰਗ ਰਿਹਾ ਹੈ।

# ਬਲਾਕ ਸੰਮਤੀ ਦਾ ਕਾਂਗਰਸੀ ਮੈਂਬਰ ਰਾਣਾ ਹੈਰੋਇਨ ਦਾ ਸਮੱਗਲਰ ਨਿਕਲਿਆ

ਅੰਮ੍ਰਿਤਸਰ, 26 ਨਵੰਬਰ (ਪੋਸਟ ਬਿਊਰੋ)- ਡੇਢ ਕਿੱਲੋ ਹੈਰੋਇਨ ਸਮੱਗਲਿੰਗ 'ਚ ਸ਼ਾਮਲ ਕਾਬੂ ਕੀਤਾ ਗਿਆ ਰਣਜੀਤ ਸਿੰਘ ਉਰਫ ਰਾਣਾ ਕਾਂਗਰਸੀ ਨੇਤਾ ਅਤੇ ਬਲਾਕ ਸੰਮਤੀ ਦਾ ਮੈਂਬਰ ਨਿਕਲਿਆ ਹੈ। ਉਸ ਦੇ ਖਿਲਾਫ ਪਹਿਲਾਂ ਵੀ 9 ਕਿੱਲੋ ਹੈਰੋਇਨ ਅਤੇ ਪੰਜ ਕਿੱਲੋ ਨਸ਼ੀਲੇ ਪਾਊਡਰ ਦਾ ਕੇਸ ਦਰਜ ਹੈ। 26 ਅਪ੍ਰੈਲ 2016 ਨੂੰ ਉਹ ਜ਼ਮਾਨਤ ਉੱਤੇ ਆਇਆ ਸੀ ਤੇ ਫਿਰ ਹੈਰੋਇਨ ਦੀ ਸਮੱਗਲਿੰਗ 'ਚ ਸ਼ਾਮਲ ਹੋ ਗਿਆ ਸੀ। ਐਸ ਐਸ ਪੀ ਅੰਮ੍ਰਿਤਸਰ (ਦੇਹਾਤੀ) ਵਿਕਰਮ ਦੁੱਗਲ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਉਕਤ ਦੋਸ਼ੀ ਨੇ ਇੱਕ ਗੈਂਗ ਬਣਾਇਆ ਹੋਇਆ ਸੀ ਤੇ ਉਹ ਪਾਕਿਸਤਾਨ ਤੋਂ ਆਉਣ ਵਾਲੀ ਹੈਰੋਇਨ ਨੂੰ ਪੰਜਾਬ ਤੋਂ ਬਾਹਰ ਸਪਲਾਈ ਕਰਦੇ ਸਨ। ਉਨ੍ਹਾਂ ਦੱਸਿਆ ਕਿ ਤਿੰਨਾਂ ਸਮੱਗਲਰਾਂ ਦੇ ਕਬਜ਼ੇ ਵਿੱਚੋਂ



ਮਿਲੇ ਮੋਬਾਈਲ 'ਚੋਂ ਉਨ੍ਹਾਂ ਨੂੰ ਕਈ ਸੁਰਾਗ ਮਿਲੇ ਹਨ। ਪੁਲਸ ਨੇ ਰਣਜੀਤ ਸਿੰਘ ਰਾਣਾ ਅਤੇ ਉਸ ਦੇ ਦੋ ਸਾਥੀਆਂ ਨੂੰ ਕੱਲ੍ਹ ਅਦਾਲਤ 'ਚ ਪੇਸ਼ ਕੀਤਾ, ਜਿੱਥੋਂ ਉਸ ਨੂੰ ਦੋ ਦਿਨ ਦੇ ਰਿਮਾਂਡ 'ਤੇ ਭੇਜਿਆ ਗਿਆ ਹੈ।

ਵਰਨਣ ਯੋਗ ਹੈ ਕਿ ਚਾਟੀਵਿੰਡ ਥਾਣੇ ਦੀ ਪੁਲਸ ਨੇ ਇੱਕ ਦਿਨ ਪਹਿਲਾਂ ਦਾਊਕੇ ਪਿੰਡ ਦੇ ਰਣਜੀਤ ਸਿੰਘ ਉਰਫ ਰਾਣਾ, ਤਰਨਤਾਰਨ ਰੋਡ ਦੀ ਗੁਰੂ ਨਾਨਕ ਕਾਲੋਨੀ ਦੇ ਹਰਜੀਤ ਸਿੰਘ ਉਰਫ ਹੈਪੀ ਤੇ ਉਸ ਦੀ ਪਤਨੀ ਮਨਦੀਪ ਕੌਰ ਨੂੰ ਇੱਕ ਕਿੱਲੋ 250 ਗਰਾਮ ਹੈਰੋਇਨ ਨਾਲ ਗ੍ਰਿਫਤਾਰ ਕੀਤਾ ਸੀ। ਜਾਂਚ 'ਚ ਪਤਾ ਲੱਗਾ ਸੀ ਕਿ ਫੜਿਆ ਗਿਆ ਰਣਜੀਤ ਸਿੰਘ ਉਰਫ ਰਾਣਾ ਕਾਂਗਰਸੀ ਨੇਤਾ ਹੈ ਤੇ ਬਲਾਕ ਸੰਮਤੀ ਅਟਾਰੀ ਦਾ ਮੈਂਬਰ ਹੈ। ਮਾਮਲੇ ਦੀ ਜਾਂਚ ਕਰ ਰਹੇ ਡੀ ਐਸ ਪੀ ਗੁਰਪ੍ਰਤਾਪ ਸਿੰਘ ਨੇ ਦੱਸਿਆ ਕਿ ਰਣਜੀਤ ਸਿੰਘ ਉਰਫ ਰਾਣਾ ਨੂੰ ਘਰਿੰਡਾ ਥਾਣੇ ਦੀ ਪੁਲਸ ਨੇ 23 ਅਗਸਤ 2013 ਨੂੰ ਨੌਂ ਕਿੱਲੋ ਹੈਰੋਇਨ ਨਾਲ ਗ੍ਰਿਫਤਾਰ ਕੀਤਾ ਸੀ ਤੇ 26 ਅਪ੍ਰੈਲ 2016 ਨੂੰ ਉਹ ਜ਼ਮਾਨਤ 'ਤੇ ਬਾਹਰ ਆਇਆ ਸੀ। ਪਤਾ ਲੱਗਾ ਹੈ ਕਿ ਪੁਲਸ ਪਤਾ ਲਾਉਣ 'ਚ ਲੱਗੀ ਹੋਈ ਹੈ ਕਿ ਰਣਜੀਤ ਸਿੰਘ ਉਰਫ ਰਾਣਾ ਨੂੰ ਸਿਆਸਤ 'ਚ ਲਿਆਉਣ ਵਾਲਾ ਕੌਣ ਹੈ। ਆਉਂਦੇ ਦਿਨਾਂ 'ਚ ਪੁਲਸ ਰਾਣਾ ਦੇ 'ਸਿਆਸੀ ਆਕਾ' ਕੋਲੋਂ ਵੀ ਪੁੱਛ-ਪੜਤਾਲ ਕਰ ਸਕਦੀ ਹੈ।

# ਇਮਰਾਨ ਉੱਤੇ 23 ਬੈਂਕ ਖਾਤਿਆਂ ਵਿੱਚ ਲੱਖਾਂ ਡਾਲਰ ਜਮ੍ਹਾਂ ਹੋਣ ਦਾ ਓਹਲਾ ਰੱਖਣ ਦਾ ਦੋਸ਼

ਲਾਹੌਰ, 26 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਗ੍ਰਹਿ ਮੰਤਰੀ ਤੇ ਪਾਕਿਸਤਾਨ ਮੁਸਲਮ ਲੀਗ-ਨਵਾਜ਼ (ਪੀ ਐਮ ਐਨ) ਦੇ ਸੀਨੀਅਰ ਨੇਤਾ ਅਹਿਸਾਨ ਇਕਬਾਲ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਚੋਣਾਂ ਮੌਕੇ ਪਾਕਿਸਤਾਨ ਚੋਣ ਕਮਿਸ਼ਨ (ਈ ਸੀ ਪੀ) ਕੋਲ ਆਪਣੇ 23 ਬੈਂਕ ਖਾਤਿਆਂ ਤੇ ਉਨ੍ਹਾਂ 'ਚ ਜਮ੍ਹਾਂ ਲੱਖਾਂ ਡਾਲਰ ਦੀ ਜਾਣਕਾਰੀ ਸਾਂਝੀ ਨਹੀਂ ਕੀਤੀ ਸੀ, ਜੋ ਇੱਕ ਕਾਨੂੰਨੀ ਅਪਰਾਧ ਹੈ। ਇਸ ਸੰਬੰਧ ਵਿੱਚ ਅਹਿਸਾਨ ਇਕਬਾਲ ਨੇ ਕਿਹਾ ਕਿ ਇਮਰਾਨ ਖਾਨ ਨੂੰ ਇਹ ਸੱਚਾਈ ਛੁਪਾਉਣੀ ਨਹੀਂ ਚਾਹੀਦੀ ਅਤੇ ਇਸ ਦੀਆਂ ਰਸੀਦਾਂ ਤੇ ਹੋਰ ਸਬੂਤ ਪੇਸ਼ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਜਾਣਨਾ ਚਾਹੁੰਦਾ ਹੈ ਕਿ ਪ੍ਰਧਾਨ ਮੰਤਰੀ ਨੇ ਇਹ ਸੱਚਾਈ ਕਿਉਂ ਛੁਪਾਈ ਅਤੇ ਉਨ੍ਹਾਂ ਨੂੰ ਇਸ ਅਪਰਾਧ ਲਈ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੋ ਵਿਅਕਤੀ ਅੱਜ ਤੱਕ ਲਗਾਤਾਰ ਵਿਰੋਧੀ ਧਿਰਾਂ ਦੇ ਸੀਨੀਅਰ ਨੇਤਾਵਾਂ ਨੂੰ ਚੋਰ ਕਹਿੰਦਾ ਰਿਹਾ ਹੈ, ਉਹ ਖੁਦ ਇੱਕ ਭ੍ਰਿਸ਼ਟ ਵਿਅਕਤੀ ਨਿਕਲਿਆ।

# ਧੋਖਾਧੜੀ ਦੇ ਕੇਸ ਵਿੱਚ ਐੱਸ ਡੀ ਐੱਮ ਦੇ ਸਾਬਕਾ ਸਹਾਇਕ ਦੀ ਅਰਜ਼ੀ ਰੱਦ

ਫਤਿਹਗੜ੍ਹ ਸਾਹਿਬ, 26 ਨਵੰਬਰ (ਪੋਸਟ ਬਿਊਰੋ)- ਖਰੜ-ਲੁਧਿਆਣਾ ਹਾਈਵੇ ਬਣਾਉਣ ਦੇ ਵਕਤ ਖਮਾਣੋਂ ਦੇ ਪਿੰਡ ਜਟਾਣਾ ਉੱਚਾ ਦੇ ਨੇੜੇ ਅੱਧਾ ਏਕੜ ਜ਼ਮੀਨ ਐਕੁਆਇਰ ਕਰਨ ਬਾਅਦ ਇਸ ਦੀ ਮੁਆਵਜ਼ਾ ਰਕਮ ਵਿੱਚ 67.35 ਲੱਖ ਰੁਪਏ ਦੀ ਧੋਖਾਧੜੀ ਵਿੱਚ ਨਾਮਜ਼ਦ ਐੱਸ ਡੀ ਐੱਮ ਖਮਾਣੋਂ ਦੇ ਇੱਕ ਸਾਬਕਾ ਜੂਨੀਅਰ ਸਹਾਇਕ ਇੰਦਰਜੀਤ ਸਿੰਘ ਦੀ ਜ਼ਮਾਨਤ ਪਟੀਸ਼ਨ ਜ਼ਿਲਾ ਸੈਸ਼ਨ ਕੋਰਟ ਨੇ ਰੱਦ ਕਰ ਦਿੱਤੀ ਹੈ।

